## ਨਿਹੋਂਦ ਦਾ ਗੀਤ: ਆਦਿ-ਸ਼ਬਦ



"ਨਿਹੋਂਦ ਦਾ ਗੀਤ", 2014-2015 ਵਿਚ ਲਿਖਿਆ, ਮੇਰਾ ਇਕੀਵਾਂ ਕਾਵਿ-ਸੰਗ੍ਰਹਿ ਹੈ। ਇਹ ਪਕੇਰੀ ਉਮਰ ਦੇ ਪਕੇਰੇ ਅਨੁਭਵ ਦੀ ਕਵਿਤਾ ਹੈ। ਇਨ੍ਹਾਂ ਵਰ੍ਹਿਆਂ ਵਿਚ ਬਹੁਤ ਕੁਝ ਨਵਾਂ ਵਾਪਰਿਆ ਹੈ ਅਤੇ ਬਹੁਤ ਕੁਝ, ਮੁੜ, ਮੁੜ, ਨਾਲੋ ਨਾਲ ਚਲਦਾ ਰਿਹਾ ਹੈ। ਭੂਤ ਨਾਲੋਂ ਵਰਤਮਾਨ ਟੁਟ ਨਹੀਂ ਸਕਦਾ ਤੇ ਨਾ ਹੀ ਵਰਤਮਾਨ ਨਾਲੋਂ ਭਵਿਖ। ਇਨ੍ਹਾਂ ਵਰ੍ਹਿਆਂ ਵਿਚ ਜਿਥੇ ਮੈਂ ਸੰਕਲਪਾਂ ਤੇ ਅਨੁਭਵਾਂ ਦੇ ਵਿਅਕਤੀਗਤ ਸਚ ਨੂੰ ਭੋਗਿਆ ਹੈ, ਉਥੇ ਇਨ੍ਹਾਂ ਦੀ ਨਿਰੰਤਰਤਾ ਦੀ ਵਚਿਤਰਤਾ ਨੂੰ ਵੀ ਮਾਣਿਆਂ ਅਤੇ ਪਹਿਚਾਣਿਆਂ ਹੈ।

ਹੋਂਦ, ਹੋਣ ਤੇ ਨਿਹੋਂਦ (Being, Becoming and Nothingness) ਦੇ ਅਸਤਿਤਵਵਾਦੀ ਸੰਕਲਪ ਮੁਢ ਤੋਂ ਹੀ ਮੇਰੇ ਅੰਗ ਸੰਗ ਰਹੇ ਹਨ। ਇਨ੍ਹਾਂ ਵਿਚੋਂ ਹੀ, ਜਾਪਦਾ ਹੈ, ਕਿ ਸਮੇਂ, ਸਮੇਂ , ਜ਼ਿੰਦਗੀ, ਆਪਣੇ ਅਰਥ ਤੇ ਆਪਣਾ ਮਾਰਗ ਗ੍ਰਹਿਣ ਕਰਦੀ ਰਹੀ ਹੈ। ਇਨ੍ਹਾਂ ਸੰਕਲਪਾਂ ਨੂੰ ਜਿਥੇ ਇਕ ਦੂਜੇ ਨਾਲੋਂ ਅਲਹਿਦਾ, ਅਲਹਿਦਾ ਰੂਪ ਵਿਚ, ਵੇਖਣ ਸਮਝਣ ਦੀ ਲੋੜ ਹੈ, ਉਥੇ ਇਨ੍ਹਾਂ ਨੂੰ, ਇਨ੍ਹਾਂ ਦੀ ਸਮੁਚਤਾ ਤੇ ਨਿਰੰਤਰਤਾ ਵਿਚ ਸਮਝਣਾ ਵੀ ਬਹੁਤ ਜ਼ਰੂਰੀ ਹੈ।

ਬੀਜ-ਪੌਦਾ-ਬੀਜ,ਪਾਣੀ-ਭਾਫ-ਬਰਖਾ/ਬਰਫ-ਪਾਣੀ ਅਤੇ ਮਾਂ/ਪਿਓ-ਧੀ/ਪੁਤਰ-ਮਾਂ/ਪਿਓ ਦੇ ਸੂਤਰਾਂ ਦੀ ਵਚਿਤਰਤਾ, ਜਿਥੇ ਸਾਨੂੰ ਜੀਵਨ ਦੀ ਨਿਰੰਤਰਤਾ ਦੇ ਚਕਰ (Cycle) ਨਾਲ ਜੋੜਦੀ ਹੈ, ਉਥੇ ਪੂਰਨ ਰੂਪ ਤੇ ਹਰ ਹਾਲ ਵਿਚ ਅਤੇ ਉਮਰ ਦੇ ਹਰ ਪੜਾ ਉਤੇ, ਇਸਦਾ ਜਸ਼ਨ ਮਨਾਉਣ ਦੀ ਪ੍ਰੇਰਣਾ ਵੀ ਦਿੰਦੀ ਹੈ।

ਇਸ ਤਰ੍ਹਾਂ ਸਾਡਾ ਅਸਤਿਤਵ, ਹਰ ਸਮੇਂ ਹੀ ਦੋ ਧਰਾਤਲਾਂ ਉਤੇ ਵਿਚਰਦਾ ਹੈ। ਇਹ ਜੀਵਨ ਦੀ ਛਿਣ-ਭੰਗਰਤਾ ਅਤੇ ਇਸਦੀ ਨਿਰੰਤਰਤਾ ਨਾਲ ਜੁੜੇ, ਜਟਿਲ ਭੇਦਾਂ ਨੂੰ ਸਮਝਦਾ ਹੋਇਆ, ਦੁਹਰੀ ਯਾਤਰਾ ਕਰਦਾ ਹੈ।

ਉਮਰ ਦੇ ਏਸ ਪੜਾ ਉੱਤੇ, ਮੈਂ ਆਪਣੇ ਅਸਤਿਤਵੀ ਸਰੋਕਾਰਾਂ ਬਾਰੇ ਬੜੀ ਗੰਭੀਰਤਾ ਤੇ ਸ਼ਿੱਦਤ ਨਾਲ ਸੋਚਦਾ ਰਿਹਾ ਹਾਂ। ਇਹ ਇਕ ਗੰਭੀਰ ਤੇ ਜਟਿਲ ਸਮੱਸਿਆ ਹੈ। ਇਸ ਦੇ ਸਮਾਧਾਨ ਬਾਰੇ ਸੋਚਣ ਤੋਂ ਪਹਿਲਾਂ, ਇਸਨੂੰ ਸਮਝਣ ਤੇ ਪਹਿਚਾਨਣ ਦੀ ਲੋੜ ਹੈ। ਏਥੇ, ਇਸ ਕਾਵਿ-ਸੰਗ੍ਰਹਿ ਦਾ ਨਾਮ-ਕਰਨ, ਕਰਨ ਵਾਲੀ ਕਵਿਤਾ ਦਾ ਹਵਾਲਾ ਦੇਣਾ, ਪ੍ਰਕਰਣ ਤੋਂ ਬਾਹਰੀ ਗਲ ਨਹੀਂ ਹੋਵੇਗਾ:

ਫੁੱਲਾਂ ਵਿਚ ਰੰਗ ਨਹੀਂ ਦਿਸਦੇ,
ਮਹਿਕਾਂ ਨੇ ਵੀ ਨਜ਼ਰ ਚੁਰਾਈ ਏ।
ਸਿਖਰਾਂ ਤੋਂ ਟੁੱਟੇ ਸੂਰਜ ਦੀ,
ਅੱਜ ਕੈਸੀ ਇਹ ਰੁਸ਼ਨਾਈ ਏ?

ਅੱਖਾਂ ਵਿਚ ਅੰਬਰ ਸੁਕੜ ਗਏ।
ਸਭ ਰਸਤੇ ਸਾਥੋਂ ਵਿਛੜ ਗਏ।
ਗੁੰਝਲ ਵਿਚ ਸਭ ਦਿਸ਼ਾਵਾਂ ਨੇ,
ਚਿੰਤਨ ਨੇ ਨਜ਼ਰ ਭੁਆਈ ਏ।

ਬਾਹਰ ਵੀ ਤੁਰਿਆ ਨਹੀਂ ਜਾਂਦਾ,
ਅੰਦਰ ਵੀ ਮੁੜਿਆ ਨਹੀਂ ਜਾਂਦਾ।
ਇਸ ਹੋਂਦ, ਨਿਹੋਂਦ ਦੀ ਟੱਕਰ ਵਿਚ,
ਇਹ ਕੈਸੀ ਰੁਤ ਖਲਾਈ ਏ!

ਸ਼ਬਦਾਂ ਵਿਚ ਅਣ ਬਣ ਹੋ ਗਈ ਏ,
ਸ਼ੋਰਾਂ ਵਿਚ ਚੁੱਪ ਖੜੋ ਗਈ ਏ।
ਕੋਈ ਚੀਜ਼ ਵੀ ਆਪਣੇ ਥਾਂ ਸਿਰ ਨਹੀਂ,
ਗਰਦਸ਼ ਵਿਚ ਕੁਲ ਲੋਕਾਈ ਏ!

("ਨਿਹੋਂਦ ਦਾ ਗੀਤ" ਵਿੱਚੋਂ)

ਦੂਜੇ ਪਾਸੇ, ਪ੍ਰਕ੍ਰਿਤੀ ਵਾਂਗ ਹੀ, ਜ਼ਿੰਦਗੀ ਦੇ ਨਿਰੰਤਰ ਚਕਰ ਦਾ ਸਚ ਵੀ ਬੜਾ ਸ਼ਕਤੀਸ਼ਾਲੀ ਹੈ, ਜਿਸਦੀ ਸ਼ਾਰਥਿਕਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ:



ਪੁੱਤਰ, ਪੋਤੇ, ਪੋਤੀਆਂ ਦੇ ਵਿਚ,
ਹੋਂਦ ਅਸਾਡੀ ਲੁਕ ਜਾਣਾ ਹੈ।
ਮਰਨੋਂ ਬਾਅਦ ਵੀ ਤੁਰਦੇ ਰਹਿਣਾ,
ਕਿਹੜਾ ਆਖੇ ਰੁਕ ਜਾਣਾ ਹੈ???

("ਹੋਂਦ-ਕਥਾ: ਤੋਰ ਅਨੰਤ" ਵਿੱਚੋਂ)

ਜੀਵਨ ਦੀ ਛਿਣ-ਭੰਗਰਤਾ ਦੇ ਅਹਿਸਾਸ ਵਿੱਚੋਂ ਹੀ ਅਮਰ ਹੋਣ ਦੀ ਲੋਚਾ ਪਨਪਦੀ ਹੈ:

ਪਰਬਤ, ਝਰਨੇ, ਸਾਗਰ, ਅੰਬਰ,
ਥਿਰ ਬਿੰਬਾਂ ਦੀ ਕਿਰਿਆ।
ਅਮਰ ਹੋਣ ਦੀ ਲੋਚਾ ਅੰਦਰ,
ਅਪਣਾ ਆਪ ਛੁਪਾ ਕੇ।

ਤਨ ਮੁਕਦਾ ਪਰ ਕ੍ਰਮ ਨਾ ਮੁਕਦਾ,
ਭੂਤ, ਭਵਿਖਤ, ਭਵਾਨੇ -
ਕਾਲ-ਚੱਕ੍ਰ ਅਕਾਲ ਹੋ ਗਿਆ,
ਦੇਹ 'ਚੋਂ ਨੂਰ ਉਠਾ ਕੇ।

ਫੁਲ, ਫੁਲ, ਬੂਟੇ, ਰੂਪ ਅਨੇਕਾਂ,
ਸੂਰਜ ਵਿਚ ਸਤ-ਰੰਗੀਆਂ।
ਅੰਬਰ ਸੂਹਾ ਕਰੇ ਮਸ਼ਕਰੀ,
ਪਾਣੀਆਂ ਨੂੰ ਅਗ ਲਾ ਕੇ।

("ਅਮਰ ਹੋਣ ਦੀ ਲੋਚਾ" ਵਿੱਚੋਂ)

ਇਸੇ ਤਰ੍ਹਾਂ ਹੀ, ਇਸ ਕਾਵਿ-ਸੰਗ੍ਰਹਿ ਦੀ ਰਚਨਾ ਦੌਰਾਨ, ਕੁਝ ਹੋਰ ਵਿਚਾਰਧਾਰਕ, ਸਿਧਾਂਤਕ ਅਤੇ ਦਾਰਸ਼ਨਕ ਪ੍ਰਸ਼ਨ ਵੀ ਮੇਰੇ ਸਨਮੁਖ ਰਹੇ ਹਨ :

ਕੀ ਅਰਥ ਤੇਰਾ? ਕੀ ਅਰਥ ਮੇਰਾ?
ਇਹ ਪਿਆਰ ਕਿ ਹੈ ਇਹ ਕਰੋਧ ਮੇਰਾ?
ਮੇਰੀ ਹਸਤੀ ਹਾਂ-ਮੁਖ, ਨਾਂਹ-ਮੁਖ ਹੈ,
ਮੇਰੀ ਹਸਤੀ ਵਿਚ ਵਿਰੋਧ ਮੇਰਾ!!!

ਜ਼ਿੰਦਗੀ ਹੈ ਸੁਨੇਹਾ? ਜਾਂ ਅਨੁਭਵ?
ਅਹਿਸਾਸ ਕੋਈ ਜਾਂ ਪ੍ਰਸ਼ਨ ਹੈ ਇਹ?
ਜਾਂ ਪ੍ਰਤੀਕਰਮਾਂ ਦੀ ਕਿਰਿਆ ਹੈ?
ਜਾਂ ਪਲ ਪਲ, ਛਿਣ ਛਿਣ, ਜਸ਼ਨ ਹੈ ਇਹ?
("ਆਤਮ-ਵਿਰੋਧ ਵਿਚ ਵਿਚਰਦੀ ਹਸਤੀ" ਵਿੱਚੋਂ)

ਜਾਂ

ਨਾਂ ਅਸੀਂ ਸੱਜੇ, ਨਾਂ ਅਸੀਂ ਖੱਬੇ,
ਮੱਧ-ਮਾਰਗ ਨਾਂ ਭਾਵੇ।
ਸਾਡੇ ਅੰਦਰ ਜੋਤ ਅਨੂਠੀ,
ਮਾਰਗ ਆਪ ਬਣਾਵੇ।

ਸੂਰਜ ਨੂੰ ਹੈ ਕਹਿੰਦਾ ਕਿਹੜਾ:
ਕਿੰਵ ਡੁੱਬਣਾ, ਕਿੰਵ ਚੜ੍ਹਨਾ?
ਕਿਥੇ ਧੁੱਪ ਤੇ ਕਿੱਥੇ 'ਲੁਕ-ਛੁਪ'?
ਕਿੱਥੇ ਤੁਰਨਾ, ਖੜ੍ਹਨਾ?
ਸੂਰਜ ਤਾਂ ਇਕ ਥਿਰ ਸਚਾਈ,
ਸਭ ਨੂੰ ਹੀ ਰੁਸ਼ਨਾਵੇ!
("ਨਾਂ ਅਸੀਂ ਸੱਜੇ, ਨਾਂ ਅਸੀਂ ਖੱਬੇ" ਵਿਚੋਂ)

ਜਾਂ

ਅੰਤਿਮ 'ਵਾਦ', 'ਵਿਚਾਰ'ਨਾ ਕੋਈ,
ਸੱਚ 'ਚੋਂ ਸੱਚ ਫੁੱਟ ਤੁਰਦੇ।
ਜੀਵਨ ਨਦੀ ਨਿਰੰਤਰ, ਕੰਢੇ
ਕੁਝ ਖੁਰਦੇ, ਕੁਝ ਭੁਰਦੇ।
'ਵਿਰੋਧ ਵਿਕਾਸ' ਦੀ ਕਿਰਿਆ ਨਿੱਤ ਹੀ,
ਵਿਕਸਿਤ ਹੁੰਦੀ ਜਾਏ।

ਘਣੀ ਅਨ੍ਹੇਰੀ ਰਾਤ 'ਚ ਤਾਰੇ,
ਸੂਰਜ ਦੀ ਗੱਲ ਤੋਰਨ।
ਬਦਲੀ ਲਈ ਘਟਾਵਾਂ ਚੜ੍ਹੀਆਂ,
ਆਪਣੇ ਰੁਖ ਨਾ ਮੋੜਨ।



ਅੰਬਰ, ਧਰਤ, ਨਦੀ ਦੀ ਵਿਥਿਆ,
ਸ਼ਾਗਰ, ਪਵਨ ਸੁਣਾਏ!!!

ਕਨਫਿਊਸ਼ਿਸ, ਸੁਕਰਾਤ ਤੇ ਨਾਨਕ,
ਸਾਰਤ, ਮਾਰਕਸ, ਬੁੱਧ-ਲੋਏ।
ਜੁਗੋ ਜੁਗੰਤਰ, ਕਿਵੇਂ ਨਿਰੰਤਰ
ਮਾਨਵ ਵਿਕਸਿਤ ਹੋਏ!!!
ਹਦ, ਸਰਹਦ ਨਾਂ ਮੰਨਣ ਸੋਚਾਂ,
ਇਨਕਲਾਬ ਜਦ ਆਏ!!!
("ਵਿਰੋਧ ਵਿਕਾਸ ਪ੍ਰਕਿਰਿਆ" ਵਿੱਚੋਂ)

ਕੰਪਿਊਟਰ ਯੁੱਗ ਦੀਆਂ ਵੀ ਆਪਣੀਆਂ ਹੀ ਹਕੀਕਤਾਂ ਹਨ, ਜਿਨ੍ਹਾਂ ਨੇ ਇਕ ਪਾਸੇ ਜੇ ਇਸ ਜੀਵਨ ਦਾ ਮਸ਼ੀਨੀਕਰਨ ਕੀਤਾ ਹੈ, ਤਾਂ ਦੂਜੇ ਪਾਸੇ ਇਨਸਾਨ ਨੂੰ ਵੀ ਇਸ ਖਪਤ-ਕਲਚਰ ਦੀ, ਇਕ ਖਪਤ-ਵਸਤੂ ਹੀ ਬਣਾ ਕੇ ਰਖ ਦਿਤਾ ਹੈ। ਵਿਅਕਤੀਹੀਣਤਾ, ਅਮਾਨਵੀਕਰਨ, ਇਕਲ, ਅਕੇਵਾਂ, ਬੇਗਾਨਗੀ, ਬੋਰਡਮ, ਅਜਨਬੀਪਨ, ਮਾਨਵ-ਹੀਣਤਾ ਅਤੇ ਖਾਨਾਬਦੋਸ਼ੀ ਆਦਿ, ਇਸ ਜੀਵਨ ਦਾ ਅਟੁੱਟ ਅੰਗ ਬਣ ਗਏ ਹਨ। ਇਸ ਮਸ਼ੀਨੀ ਜੀਵਨ ਦੀ ਪ੍ਰਕਿਰਤੀ, ਸ਼ੈਲੀ ਤੇ ਤੋਰ ਹੀ ਨਿਰਾਲੀ ਹੈ:

ਉਨ੍ਹਾਂ ਦੀਆਂ ਅੱਖਾਂ 'ਚੋਂ,
ਸ਼ਰਾਰਤ ਨਹੀਂ ਫੁੱਟਦੀ।
ਅੰਗਾਂ 'ਚੋਂ ਚੁਲਬਲਾਹਟ ਨਹੀਂ ਉੱਠਦੀ।

ਮਨ ਆਏ 'ਤੇ,
ਮਨ-ਮਰਜ਼ੀ ਦੀ,
ਖੇਡ ਖੇਡਣ ਦੀ, ਕਾਂਗ ਨਹੀਂ ਫੁੱਟਦੀ।

ਬੱਦਲਾਂ ਵਰਗੀ,
ਗੜਗੜਾਹਟ ਨਹੀਂ ਹੁੰਦੀ।
ਵੱਖਰੀ ਜਿਹੀ,
ਕੋਈ ਦਸਤਕ,
ਕੋਈ ਆਹਟ ਨਹੀਂ ਹੁੰਦੀ।

ਇਕ ਖਾਮੋਸ਼ ਘੰਟੀ ਵੱਜਦੀ ਹੈ,
ਸਨੈਕ ਸ਼ੁਰੂ ਹੋ ਜਾਂਦਾ ਹੈ
ਹੋਮਵਰਕ ਤੇ ਡਿਨਰ।

ਰੋਬੋਟ ਵਰਗਾ ਜੀਵਨ ਹੈ ਏਥੇ,
ਹਾਵ ਭਾਵ-ਰਹਿਤ,
ਸਪਾਟ ਚਿਹਰੇ।

ਮੈਂ ਕੰਪਿਊਟਰਾਂ ਵਿਚ ਪਿਆ,
ਇਕ ਹੋਰ ਕੰਪਿਊਟਰ ਹਾਂ।

ਮੇਰੀ ਕੋਈ ਹੋਂਦ,
ਕੋਈ ਪਛਾਣ ਨਹੀਂ!!!

ਘਰ: ਅਕੇਵਾਂ ਹੈ, ਥਕੇਵਾਂ ਹੈ!!!
ਘਰ ਦਾ ਮਾਹੌਲ,
ਸਲੀਪਿੰਗ ਗੈਸ ਵਰਗਾ,
ਨਿੰਦਰਾਇਆ, ਸੁਸਤ, ਆਲਸੀ!

("ਘਰ: ਅਜੋਕੇ ਯੁਵਕ ਦਾ ਪ੍ਰਤੀਕਰਮ" ਵਿੱਚੋਂ)

ਨਿੱਕੀਆਂ ਨਿੱਕੀਆਂ ਘਟਨਾਵਾਂ ਕਈ ਵਾਰ ਗੰਭੀਰ ਮਨੋਕਿਰਿਆਵੀ ਪ੍ਰਤੀਕਰਮਾਂ ਨੂੰ ਜਨਮ ਦਿੰਦੀਆਂ ਹਨ। ਮੂਡ ਜਾਂ ਆਵੇਸ਼ ਵਿਚ ਪਰੀਵਰਤਨ ਆਉਂਦਾ ਹੈ। ਐਸੇ ਅਨੁਭਵ ਵਿੱਚੋਂ ਵੀ ਕੁਝ ਪ੍ਰਭਾਵ ਜਾਂ ਮੂਡ-ਸਕੇਪ ਸਿਰਜੇ ਗਏ ਹਨ:

ਸਵੇਰ ਤੋਂ ਕੋਈ ਨਹੀਂ ਆਇਆ!

ਪੰਛੀ ਆਇਆ ਸੀ -

ਟਹਿਣਾਂ ਵਿਚ ਖਲਬਲੀ,
ਫੁੱਲਾਂ ਵਿਚ ਹਲਚਲ,
ਮਹਿਕ,
ਸਾਹਾਂ ਵਿਚ,
ਹਵਾ ਵਿਚ -



ਜ਼ਿੰਦਗੀ,
ਹੁਣੇ, ਹੁਣੇ ਆਈ ਸੀ,
ਹੁਣੇ, ਹੁਣੇ ਗਈ ਹੈ!!!

ਨਜ਼ਰ ਅਜੇ ਵੀ,
ਖੁੱਲ੍ਹੇ ਦਰਾਂ ਵਲ ਵੇਖਦੀ।

ਸਵੇਰ ਤੋਂ ਕੋਈ ਨਹੀਂ ਆਇਆ!!!

("ਉਡੀਕ" ਵਿੱਚੋਂ)

ਵਿਸ਼ਵੀਕਰਨ ਦੇ ਇਸ ਯੁੱਗ ਵਿਚ, ਇਨ੍ਹਾਂ ਦੋ ਸਾਲਾਂ ਦੌਰਾਨ, ਦਹਿਸ਼ਤਗਰਦੀ ਅਤੇ ਹਿੰਸਾ ਨੇ ਵੀ ਮੀਡੀਏ ਨੂੰ ਮਲੀ ਰੱਖਿਆ ਹੈ। ਓਸਾਮਾਂ ਬਿਨ ਲਾਦਨ ਤਾਂ ਲੱਦ ਗਿਆ, ਪਰ ਉਹ "ਆਈਸਿਸ", "ਬੋਕੋ ਹਰਾਮ", "ਤਾਲਿਬਾਨ","ਅਲ-ਸ਼ਬਾਬ" ਅਤੇ "ਅਲਕਾਇਦਾ" ਦੇ ਰੂਪ ਵਿਚ, ਦਹਿਸ਼ਤ ਦੀਆਂ ਅਗਲੀਆਂ ਪੀੜ੍ਹੀਆਂ ਏਥੇ ਛੱਡ ਗਿਆ ਹੈ।

ਪਹਿਲਾਂ ਪਾਕਿਸਤਾਨੀ "ਤਾਲਿਬਾਨ" ਨੇ, ਪੇਸ਼ਾਵਰ ਵਿਚ, ਸਕੂਲੀ ਬੱਚਿਆਂ ਦਾ ਕਤਲ-ਏ-ਆਮ ਕੀਤਾ, ਫਿਰ "ਆਈਸਿਸ" ਨੇ ਜੌਰਡਨ ਦੇ ਇਕ ਹਵਾਈ ਸੈਨਿਕ ਨੂੰ ਜ਼ਿੰਦਾ ਜਲਾਉਣ ਉਪ੍ਰੰਤ, ਲਿਬੀਆ ਵਿਚ, 21 ਮਿਸਰੀ ਈਸਾਈਆਂ ਦੇ ਸਿਰ, ਧੜ ਤੋਂ ਅਲੱਗ ਕਰ ਦਿੱਤੇ। ਨਾਈਜੇਰੀਆ, ਨਾਈਜਰ, ਕੈਮਰੂਨ ਅਤੇ ਚੈਡ ਵਰਗੇ ਅਫਰੀਕੀ ਦੇਸ਼ਾਂ ਵਿਚ 'ਬੋਕੋ ਹਰਾਮ" ਦੇ ਦਹਿਸ਼ਤਗਰਦਾਂ ਨੇ ਅਤਿ ਮਚਾਈ ਹੋਈ ਹੈ।

ਦੁਨੀਆਂ ਦੇ ਹੋਰ ਦੇਸ਼ਾਂ ਵਿਚ ਵੀ, ਆਪਣੇ ਦੇਸ਼ ਦੇ ਰਾਜ-ਪ੍ਰਬੰਧ ਅਤੇ ਸਮਾਜਕ ਤੇ ਆਰਥਕ ਸਥਿਤੀਆਂ ਤੋਂ ਅਸੰਤੁਸ਼ਟ ਵਿਅਕਤੀਆਂ ਦਾ ਰੁਝਾਨ ਵੀ, ਅਤਿਵਾਦ ਵਲ ਹੋ ਰਿਹਾ ਜਾਪਦਾ ਹੈ। ਫਰਾਂਸ, ਕੈਨੇਡਾ, ਅਮਰੀਕਾ ਅਤੇ ਡੈਨਮਾਰਕ ਆਦਿ ਹੋਰ ਦੇਸ਼ਾਂ ਵਿਚ ਹੋਈਆਂ ਦਹਿਸ਼ਤਗਰਦੀ ਦੀਆਂ ਇੱਕਾ ਦੁੱਕਾ ਘਟਨਾਵਾਂ, ਸਭ ਦੀ ਚਿੰਤਾ ਦਾ ਵਿਸ਼ਾ ਬਣੀਆਂ ਹੋਈਆਂ ਹਨ। ਕੀ ਅਜਿਹੀਆਂ ਘਟਨਾਵਾਂ ਦੇ ਪਿੱਛੇ, ਦੁਨੀਆਂ ਦੇ ਹਰ ਦੇਸ਼ ਵਿਚ ਪਨਪ ਰਹੀ, ਦਹਿਸ਼ਤਗਰਦਾਂ ਦੀ ਨਵੀਂ ਪਨੀਰੀ ਜਾਂ ਪੀੜ੍ਹੀ ਤਾਂ ਨਹੀਂ?

ਏਸ ਪ੍ਰਸੰਗ ਵਿਚ, ਇਸ ਸੰਗ੍ਰਹਿ ਵਿਚ ਸ਼ਾਮਿਲ, "ਖੁਦਾ ਦਾ ਕਤਲ"ਅਤੇ "ਦਹਿਸ਼ਤ ਦੇ ਮਖੌਟੇ"ਕਵਿਤਾਵਾਂ ਪੜ੍ਹੀਆਂ ਜਾ ਸਕਦੀਆਂ ਹਨ।

"ਕਚਰਾ ਕਲਚਰ", "ਰੁਲੇ ਹੋਏ", "ਬੋਰਡਮ"ਆਦਿ ਕਵਿਤਾਵਾਂ ਵਿਸ਼ੇ, ਰੂਪ ਤੇ ਕਾਵਿ-ਭਾਸ਼ਾ ਦੇ ਖੇਤਰ ਵਿਚ ਨਵੀਆਂ ਦਿਸ਼ਾਵਾਂ ਦੀ ਨਿਸ਼ਾਨਦੇਹੀ ਕਰਦੀਆਂ ਹਨ। ਨਵੇਂ ਅਨੁਭਵਾਂ ਦੇ ਪ੍ਰਗਟਾ ਲਈ, ਭਾਸ਼ਾ-ਸਿਰਜਣ ਦੁਆਰਾ, ਨਵੇਂ ਮੁਹਾਵਰੇ ਅਤੇ ਨਵੀਂ ਸ਼ੈਲੀ ਦੀ ਲੋੜ ਹੈ।

ਵਿਆਹ ਦੀ ਪ੍ਰਥਾ ਨੂੰ ਵੀ ਅਜੋਕੀ ਨੌਜਵਾਨ ਪੀੜ੍ਹੀ ਵਲੋਂ ਬੜੀ ਗੰਭੀਰ ਚੁਣੌਤੀ ਮਿਲ ਰਹੀ ਹੈ। ਵਿਆਹ ਨੂੰ, ਇਹ ਯੁਵਕ, ਇਸਤਰੀ ਪੁਰਖ ਸੰਬੰਧਾਂ ਲਈ, ਇਕ ਹੰਢ ਹਾਰ ਤੇ ਵੇਲਾ ਵਿਹਾ ਚੁਕੀ ਸੰਸਥਾ ਸਮਝਦੇ ਹਨ। ਉਹ ਕਿਸੇ ਵੀ ਕਿਸਮ ਦੇ ਪਕੇ ਸੰਬੰਧ ਵਿਚ ਬੱਝਣ ਤੋਂ ਝਿਜਕਦੇ ਹਨ:

ਅੱਜ ਦਾ ਯੁਵਕ ਤਾਂ ਪਹਿਲਾਂ ਚਾਹਵੇ,
ਪਕੇ ਫਲ ਰਸ ਵਾਲੇ!
"ਪਕੇ ਰਿਸ਼ਤੇ ਨਿਰੇ 'ਕਾਨਟਰੈਕਟ',
ਜਿਓਂ 'ਮਕੜੀ ਦੇ ਜਾਲੇ!!!"

("ਵਿਆਹ: ਤਿੰਨ ਪ੍ਰਭਾਵ" ਵਿੱਚੋਂ)

ਇਸ ਸੰਗ੍ਰਹਿ ਦੀਆਂ ਕੁਝ ਕਵਿਤਾਵਾਂ, ਸਾਧਾਰਨ ਅਤੇ ਨਿਤਾਪ੍ਰਤੀ ਦੀ ਵਰਤੋਂ ਵਿਚ ਆਉਣ ਵਾਲੀ ਵਿਹਾਰਕ ਸ਼ਬਦਾਵਲੀ ਨੂੰ, ਅਸਾਧਾਰਨ ਅਤੇ ਵਿਸ਼ੇਸ਼ ਅਰਥਾਂ ਵਿਚ ਵਰਤਕੇ, ਇਕ ਨਵੇਂ ਕਿਸਮ ਦੇ ਸੁਹਜ-ਸੰਚਾਰ ਦਾ ਨਿਰਮਾਣ ਵੀ ਕਰਦੀਆਂ ਹਨ। ਇਹ ਸਾਧਾਰਨ ਵਿਚ ਅਸਾਧਾਰਨ ਅਤੇ ਅਸਾਧਾਰਨ ਵਿਚ ਸਾਧਾਰਨ ਦੀ ਕਿਰਿਆ ਨੂੰ ਵੀ ਖੋਜਦੀਆਂ ਹਨ।

ਆਮੀਨ!!!

**-ਰਵਿੰਦਰ ਰਵੀ**



# ਨਿਹੋਂਦ ਦਾ ਗੀਤ : ਕਵਿਤਾਵਾਂ



## **ਨਿਹੋਂਦ ਦਾ ਗੀਤ

ਫੁੱਲਾਂ ਵਿਚ ਰੰਗ ਨਹੀਂ ਦਿਸਦੇ,
ਮਹਿਕਾਂ ਨੇ ਵੀ ਨਜ਼ਰ ਚੁਰਾਈ ਏ।
ਸਿਖਰਾਂ ਤੋਂ ਟੁੱਟੇ ਸੂਰਜ ਦੀ,
ਅੱਜ ਕੈਸੀ ਇਹ ਰੁਸ਼ਨਾਈ ਏ?

ਅੱਖਾਂ ਵਿਚ ਅੰਬਰ ਸੁਕੜ ਗਏ।
ਸਭ ਰਸਤੇ ਸਾਥੋਂ ਵਿਛੜ ਗਏ।
ਗੁੰਝਲ ਵਿਚ ਸਭ ਦਿਸ਼ਾਵਾਂ ਨੇ,
ਚਿੰਤਨ ਨੇ ਨਜ਼ਰ ਭੁਆਈ ਏ।

ਬਾਹਰ ਵੀ ਤੁਰਿਆ ਨਹੀਂ ਜਾਂਦਾ,
ਅੰਦਰ ਵੀ ਮੁੜਿਆ ਨਹੀਂ ਜਾਂਦਾ।
ਇਸ ਹੋਂਦ, ਨਿਹੋਂਦ ਦੀ ਟੱਕਰ ਵਿਚ,
ਇਹ ਕੈਸੀ ਰੁਤ ਖਲਾਈ ਏ!

ਸ਼ਬਦਾਂ ਵਿਚ ਅਣ ਬਣ ਹੋ ਗਈ ਏ,
ਸ਼ੋਰਾਂ ਵਿਚ ਚੁੱਪ ਖੜੋ ਗਈ ਏ।

**ਨਿਹੋਂਦ ਦਾ ਗੀਤ – Song of Nothingness

ਕੋਈ ਚੀਜ਼ ਵੀ ਆਪਣੇ ਥਾਂ ਸਿਰ ਨਹੀਂ,
ਗਰਦਸ਼ ਵਿਚ ਕੁਲ ਲੋਕਾਈ ਏ!

ਫੁੱਲਾਂ ਵਿਚ ਰੰਗ ਨਹੀਂ ਦਿਸਦੇ,
ਮਹਿਕਾਂ ਨੇ ਵੀ ਨਜ਼ਰ ਚੁਰਾਈ ਏ।
ਸਿਖਰਾਂ ਤੋਂ ਟੁੱਟੇ ਸੂਰਜ ਦੀ,
ਅੱਜ ਕੈਸੀ ਇਹ ਰੁਸ਼ਨਾਈ ਏ?



## ਹੋਂਦ-ਕਥਾ : ਤੋਰ ਅਨੰਤ

*- ਫੇਸ ਬੁਕ ਦੋਸਤ ਸਿਮਰਤੀ ਸੀਹਰਾ ਦੇ ਨਾਂ -*

ਹੌਲੀ ਹੁੰਦੀ, ਹੁੰਦੀ, ਇਕ ਦਿਨ,
ਤੋਰ ਅਸਾਡੀ ਰੁਕ ਜਾਣਾ ਹੈ।

ਅੰਬਰ-ਛੂੰਹਦੀਆਂ ਛਲਾਂ ਵਾਲਾ,
ਸਾਗਰ ਸਾਡਾ ਸੁਕ ਜਾਣਾ ਹੈ।
ਨਦੀਆਂ ਜੁ ਸਾਗਰ ਨਾਲ ਜੋੜੇ,
ਉਹ [1]ਗਲੇਸ਼ੀਅਰ ਮੁੱਕ ਜਾਣਾ ਹੈ।

ਅੱਖਾਂ ਵਿਚ ਆਕਾਸ਼ ਨਹੀਂ ਰਹਿਣਾ,
ਖੰਭਾਂ ਨੇ ਵੀ ਟੁੱਟ ਜਾਣਾ ਹੈ।
ਜੀਵਨ ਸੰਗ ਜਿਹਨੇ ਇਸ਼ਕ ਕਮਾਇਆ,
ਨਬਜ਼ਾਂ ਵਿਚ ਦਿਲ ਰੁੱਕ ਜਾਣਾ ਹੈ।

1. ਗਲੇਸ਼ੀਅਰ: Glacier

ਸਿਰ ਝੁਕਿਆ ਨਾਂ, ਕਿਸੇ ਦੇ ਅਗੇ,
ਆਪਣੇ ਅੱਗੇ ਝੁੱਕ ਜਾਣਾ ਹੈ!
ਪੈਰਾਂ ਨਾਲੋਂ ਪੈਂਡੇ ਝੜਨੇ,
ਸਫਰ ਅਸਾਡਾ ਮੁਕ ਜਾਣਾ ਹੈ।

॥ਰਹਾਓ॥

ਪੁੱਤਰ, ਪੋਤੇ, ਪੋਤੀਆਂ ਦੇ ਵਿਚ,
ਹੋਂਦ ਅਸਾਡੀ ਲੁਕ ਜਾਣਾ ਹੈ।
ਮਰਨੋਂ ਬਾਅਦ ਵੀ ਤੁਰਦੇ ਰਹਿਣਾ,
ਕਿਹੜਾ ਆਖੇ ਰੁਕ ਜਾਣਾ ਹੈ???



## ਮਾਨਵੀ ਵਣ

ਰੁੱਖ ਦੇ ਵਿਚ ਹੀ ਉਸਦੀ ਕੁਦਰਤ,
ਸੂਰਜ, 'ਨ੍ਹੇਰਾ, ਉਸਦੇ ਸੰਗੀ।

ਰੁੱਖ ਦੇ ਵਿਚ ਹੀ ਉਸਦੀਆਂ ਰੁੱਤਾਂ,
ਕੋਈ ਪੱਤਝੜ, ਕੋਈ ਫੁੱਲੀਂ ਰੰਗੀ।

ਬਰਫ ਬਰਸਦੀ, ਬਰਸੇ ਬਰਖਾ,
ਧੁੱਪ ਦੀ ਅੱਗ, ਮਿਲੇ ਬਿਨ ਮੰਗੀ।

ਭੀੜਾਂ ਤੇ ਸ਼ੋਰਾਂ ਵਿਚ ਰੁਲ ਗਏ,
ਹਰ ਰੂਹ, ਤਨ ਦੀ ਸੂਲੀ ਟੰਗੀ।

ਆਪਣੇ ਅਰਥ ਗਵਾ ਬੈਠੇ ਹਾਂ,
ਨਾਂ ਕੋਈ ਸ਼ਬਦ, ਨਾਂ ਭਾਸ਼ਾ ਸੰਗੀ।

ਇਸ ਵਣ ਦਾ ਹਰ ਰੁੱਖ ਕੱਲਾ ਹੈ,
ਆਪੇ ਪਿੰਜਰਾ, ਆਪੇ ਬੰਦੀ।

ਆਪਣੇ ਚੱਕ੍ਰਵਯੂਹ ਵਿਚ ਘਿਰ ਗਈ,
ਆਦਿ-ਕਥਾ, ਹਰ ਯੁੱਗ 'ਚੋਂ ਲੰਘੀ!!!



## ਨਾ ਅਸੀਂ ਸੱਜੇ, ਨਾ ਅਸੀਂ ਖੱਬੇ

ਨਾਂ ਅਸੀਂ ਸੱਜੇ, ਨਾਂ ਅਸੀਂ ਖੱਬੇ,
ਮੱਧ-ਮਾਰਗ ਨਾਂ ਭਾਵੇ।
ਸਾਡੇ ਅੰਦਰ ਜੋਤ ਅਨੂਠੀ,
ਮਾਰਗ ਆਪ ਬਣਾਵੇ।

ਸੂਰਜ ਨੂੰ ਹੈ ਕਹਿੰਦਾ ਕਿਹੜਾ:
ਕਿੰਵ ਡੁੱਬਣਾ, ਕਿੰਵ ਚੜ੍ਹਨਾ?
ਕਿੱਥੇ ਧੁੱਪ ਤੇ ਕਿੱਥੇ 'ਲੁਕ-ਛੁਪ'?
ਕਿੱਥੇ ਤੁਰਨਾ, ਖੜ੍ਹਨਾ?
ਸੂਰਜ ਤਾਂ ਇਕ ਥਿਰ ਸੱਚਾਈ,
ਸਭ ਨੂੰ ਹੀ ਰੁਸ਼ਨਾਵੇ!

ਸੋਮਿਓਂ ਨਿਕਲ ਕੇ ਵਗ ਤੁਰਦੇ ਨੇ,
ਦਰਿਆਵਾਂ ਦੇ ਪਾਣੀ।
ਆਪਣਾ ਰਸਤਾ ਆਪ ਬਣਾਉਂਦੇ,
ਲਿਖਦੇ ਆਪ-ਕਹਾਣੀ।
ਵਣ, ਤ੍ਰਿਣ, ਫੁੱਲ, ਪ੍ਰਕਿਰਤੀ ਦੇ ਵਿਚ,
ਜਲ ਦਾ ਰੂਪ ਸੁਹਾਵੇ।

ਸਾਡੇ ਅੰਦਰੋਂ ਸਾਗਰ ਉੱਛਲੇ,
ਬਣ ਘਨ ਘੋਰ ਘਟਾਵਾਂ।
ਸਾਡੇ ਅੰਦਰੋਂ ਬਿਜਲੀ ਲਿਸ਼ਕੇ,
ਬਿਜਲੀ ਦੀਆਂ ਅਦਾਵਾਂ।
ਪਾਣੀ ਦੇ ਵਿਚ ਬਿਜਲੀ ਬਣ ਰੁੱਤ,
ਸਾਡੇ 'ਤੇ ਚੜ੍ਹ ਜਾਵੇ।

ਮੂੰਹ-ਜ਼ੋਰ ਤੇ ਅੱਥਰੀਆਂ ਵੀ ਹਨ,
ਵਗਦੀਆਂ ਆਪ ਹਵਾਵਾਂ।
ਚਿੰਤਨ ਅਤੇ ਨਿਯੰਤਰਨ ਆਪਣਾ,
ਆਪਣੀਆਂ ਸਗਲ ਦਿਸ਼ਾਵਾਂ।
ਜੰਤਰ ਮੰਤਰ ਐਸਾ ਨਹੀਂ, ਜੁ
'ਵਾ ਨੂੰ ਪਕੜ ਬਿਠਾਵੇ!!!

ਨਾਂ ਅਸੀਂ ਸੱਜੇ, ਨਾਂ ਅਸੀਂ ਖੱਬੇ,
ਮੱਧ-ਮਾਰਗ ਨਾਂ ਭਾਵੇ।
ਸਾਡੇ ਅੰਦਰ ਜੋਤ ਅਨੂਠੀ,
ਮਾਰਗ ਆਪ ਬਣਾਵੇ।



## ਆਤਮ-ਵਿਰੋਧ ਵਿਚ ਵਿਚਰਦੀ ਹਸਤੀ

ਜ਼ਿੰਦਗੀ ਹੈ ਸੁਨੇਹਾ? ਜਾਂ ਅਨੁਭਵ?
ਅਹਿਸਾਸ ਕੋਈ ਜਾਂ ਪ੍ਰਸ਼ਨ ਹੈ ਇਹ?
ਜਾਂ ਪ੍ਰਤੀਕਰਮਾਂ ਦੀ ਕਿਰਿਆ ਹੈ?
ਜਾਂ ਪਲ ਪਲ, ਛਿਣ ਛਿਣ, ਜਸ਼ਨ ਹੈ ਇਹ?

ਸੂਰਜ ਜਦ ਕਦ ਵੀ ਚੜ੍ਹਦਾ ਹੈ,
'ਨ੍ਹੇਰੇ ਨੂੰ ਜਾਗ ਲਗਾ ਦੇਵੇ।
ਚੇਤੰਨ ਕਰ ਭੋਂ, ਪ੍ਰਕਿਰਤੀ ਨੂੰ,
ਉਹ ਸਭ ਦੇ ਬਾਗ਼ ਖਿੜਾ ਦੇਵੇ।

ਬਰਖਾ, ਬਰਫਾਂ ਤੇ ਪਾਣੀ ਵੀ,
ਜੋਬਨ ਹਨ, ਸਭ ਦਰਿਆਵਾਂ ਦੇ।
ਮਹਿਕਾਂ ਦੇ ਮੇਲੇ ਲੱਗ ਜਾਂਦੇ,
ਜਦ ਬੁਲੇ ਆਉਣ ਹਵਾਵਾਂ ਦੇ।

ਸਾਗਰ ਵੀ ਇਕ ਹਕੀਕਤ ਹੈ,
ਸਭ ਭੋਂ-ਖੰਡਾਂ ਨੂੰ ਜੋੜਨ ਦੀ।
ਸਭ ਦੇਸ਼ਾਂ ਤੇ ਮਹਾਂ-ਦੀਪਾਂ ਨੂੰ,
ਸਦ ਇਕ ਦੂਜੇ ਵਲ ਮੋੜਨ ਦੀ।

ਸੂਰਜ 'ਚੋਂ ਅੱਗ ਵੀ ਵਰ੍ਹਦੀ ਹੈ,
ਹੜ ਬਣਦੇ ਰੁਖ ਦਰਿਆਵਾਂ ਦੇ।

ਸਾਗਰ ਤੇ ਪੌਣ ਤੂਫਾਨ ਬਣੇ,
ਜਦ ਛਿੜਦੇ ਯੁੱਧ ਭਰਾਵਾਂ ਦੇ।

ਕੀ ਅਰਥ ਤੇਰਾ? ਕੀ ਅਰਥ ਮੇਰਾ?
ਇਹ ਪਿਆਰ ਕਿ ਹੈ ਇਹ ਕਰੋਧ ਮੇਰਾ?
ਮੇਰੀ ਹਸਤੀ ਹਾਂ-ਮੁਖ, ਨਾਂਹ-ਮੁਖ ਹੈ,
ਮੇਰੀ ਹਸਤੀ ਵਿਚ ਵਿਰੋਧ ਮੇਰਾ!!!

ਜ਼ਿੰਦਗੀ ਹੈ ਸੁਨੇਹਾ? ਜਾਂ ਅਨੁਭਵ?
ਅਹਿਸਾਸ ਕੋਈ ਜਾਂ ਪ੍ਰਸ਼ਨ ਹੈ ਇਹ?
ਜਾਂ ਪ੍ਰਤੀ ਕਰਮਾਂ ਦੀ ਕਿਰਿਆ ਹੈ?
ਜਾਂ ਪਲ ਪਲ, ਛਿਣ ਛਿਣ, ਜਸ਼ਨ ਹੈ ਇਹ?



## ਅਮਰ ਹੋਣ ਦੀ ਲੋਚਾ

ਪੋਤੇ ਪੋਤੀਆਂ ਦੇ ਵਿਚ ਬੈਠਾ,
ਸਾਰੇ ਬਾਗ਼ ਲਗਾ ਕੇ।
ਪੀੜ੍ਹੀ-ਗੇੜ 'ਚ ਕੁਲ ਸਮਿਆਂ ਨੂੰ,
ਪੈਰਾਂ ਹੇਠ ਵਿਛਾਕੇ।

ਪਰਬਤ, ਝਰਨੇ, ਸਾਗਰ, ਅੰਬਰ,
ਥਿਰ ਬਿੰਬਾਂ ਦੀ ਕਿਰਿਆ।
ਅਮਰ ਹੋਣ ਦੀ ਲੋਚਾ ਅੰਦਰ,
ਅਪਣਾ ਆਪ ਛੁਪਾ ਕੇ।

ਤਨ ਮੁੱਕਦਾ ਪਰ ਕ੍ਰਮ ਨਾ ਮੁਕਦਾ,
ਭੂਤ, ਭਵਿਖਤ, ਭਵਾਨੇ -
ਕਾਲ-ਚੱਕ੍ਰ ਅਕਾਲ ਹੋ ਗਿਆ,
ਦੇਹ 'ਚੋਂ ਨੂਰ ਉਠਾ ਕੇ।

ਫੁੱਲ, ਫਲ, ਬੂਟੇ, ਰੂਪ ਅਨੇਕਾਂ,
ਸੂਰਜ ਵਿਚ ਸੱਤ-ਰੰਗੀਆਂ।
ਅੰਬਰ ਸੂਹਾ ਕਰੇ ਮਸ਼ਕਰੀ,
ਪਾਣੀਆਂ ਨੂੰ ਅੱਗ ਲਾਕੇ।



## ਵਰੋਲੇ ਤੇ ਦਾਵਾਨਲ

ਹਵਾਵਾਂ ਦੀ ਬੋਲੀ,
ਬੋਲਦੇ, ਬੋਲਦੇ,
ਵਰੋਲਿਆਂ 'ਚ ਘਿਰ ਗਏ!

ਸਾਨੂੰ ਕੀ ਪਤਾ ਸੀ,
ਏਸ ਵਾਦ,
ਏਸ ਮੱਤ 'ਚ,
ਵਰੋਲਾ ਹੈ!!!

ਆਪਣੇ ਹੀ ਅੰਦਰ, ਬਾਹਰ,
ਤੇਜ਼ੀ ਨਾਲ ਘੁੰਮ ਰਹੇ,
ਟੁੱਟ ਤੇ ਬਿਖਰ ਰਹੇ।

ਅਸੀਂ ਤਾਂ ਦੇਸ਼ਾਂ,
ਰੰਗਾਂ, ਨਸਲਾਂ, ਧਰਮਾਂ,
ਸਰਹੱਦਾਂ ਤੋਂ ਪਾਰ ਜਾਣਾ ਸੀ,
ਹਵਾ ਵਾਂਗ, ਮਹਿਕ ਵਾਂਗ!!!

ਅੱਗ ਬਾਲੀ ਸੀ, ਅਸੀਂ
ਨਿੱਘ ਲਈ,
ਚੁੱਲ੍ਹੇ ਲਈ।

ਅੱਗ ਲੱਗੀ ਰੁੱਖ ਨੂੰ,
ਰੁੱਖ ਤੋਂ ਮਨੁੱਖ ਨੂੰ!!!

ਮਨਾਂ ਵਿਚ,
ਘਰਾਂ ਵਿਚ,
ਸੜਕਾਂ, ਦਿਸ਼ਾਵਾਂ ਵਿਚ,
ਦਾਵਾਨਲ!!!



## ਮੇਰਾ ਪਿਰਾਮਿਡ

ਮੈਂ ਵੀ ਆਪਣਾ ਪਿਰਾਮਿਡ[1]
ਬਣਾ ਦਿੱਤਾ ਹੈ।
ਮਰਨ ਤੋਂ ਪਹਿਲਾਂ ਹੀ ਜੀਵਨ ਨੂੰ,
ਅਮਰਤਾ ਦੇ ਰਾਹ ਪਾ ਦਿੱਤਾ ਹੈ।

ਮਿਸਰ ਦੇ ਫੈਰੋ[2] ਮੌਤ ਦੇ ਗਿਆਤਾ ਸਨ।
ਸਰੀਰਾਂ ਤੋਂ ਮੰਮੀਆਂ[3] ਬਣੇ,
ਉਹ ਅੱਜ ਵੀ,
ਹਜ਼ਾਰਾਂ ਸਾਲ ਬਾਅਦ,
ਦੂਜਾ ਜੀਵਨ ਲੋਚਦੇ ਹਨ।

ਪਿਰਾਮਿਡ-ਕਲਾ ਹੀ,
ਅਮਰਤਾ ਦੇ ਆਰ ਪਾਰ ਵਿਚਰਦੀ,
ਦੂਜੀ ਜ਼ਿੰਦਗੀ ਹੈ।

---

1. ਪਿਰਾਮਿਡ - Pyramid, 2. ਫੈਰੋ - Phorooh, ਪਰਾਚੀਨ ਕਾਲ ਦਾ ਮਿਸਰੀ ਰਾਜਾ,
3. ਮੰਮੀਆਂ - Mummies

ਮੈਂ ਰਾਜਾ ਨਹੀਂ, ਕਵੀ ਹਾਂ।
ਸ਼ਬਦ 'ਚੋਂ ਫੁੱਲ ਖਿੜਾ ਸਕਦਾ ਹਾਂ,
ਹਵਾ ਨੂੰ ਮਹਿਕਣਾ ਸਿਖਾ ਸਕਦਾ ਹਾਂ।
ਛਿਣਦੇ ਸੱਚ ਨੂੰ,
"ਆਦਿ ਸੱਚ", "ਜੁਗਾਦਿ ਸੱਚ"
ਬਣਾ ਸਕਦਾ ਹਾਂ।

"ਸੂਰਜ" ਨੂੰ "ਰੌਸ਼ਨੀ" ਦੇ ਅਰਥ,
ਮੈਂ ਹੀ ਦਿੱਤੇ ਹਨ।
"ਰੱਬ" ਨੂੰ ਵੀ "ਰੱਬ" ਮੈਂ ਹੀ ਬਣਾਇਆ ਸੀ।

ਗਿਆਨ ਤੇ ਅਗਿਆਨ ਦੀ ਜੰਗ ਵਿਚ,
ਭੁੱਲ ਤੇ ਪਹਿਚਾਣ ਦੀ ਜੰਗ ਵਿਚ,
ਮੈਂ ਵਿਕਾਸ ਵਾਂਗ ਵਿਚਰਿਆ ਹਾਂ।

ਬਰਕੀ[1] ਰਿਣ[2] ਧਨ[3] ਦੇ ਮਿਲਾਪ 'ਚੋਂ,
ਇਕ ਨਵਾਂ ਨੂਰ ਬਣ ਚਮਕਿਆ ਹਾਂ।

ਪਰਬਤ, ਸਾਗਰ, ਨਦੀਆਂ, ਝੀਲਾਂ,
ਅੰਬਰ, ਪੰਖੀ, ਚੰਨ, ਨਖਯਤਰ,
ਸਭ ਦਿਸਦਾ, ਅਣਦਿਸਦਾ –
ਕਲਪਨਾ ਤੇ ਗਿਆਨ ਦੇ ਸੁਮੇਲ 'ਚੋਂ,
ਮੈਂ, ਸ਼ਬਦ ਵਿਚ ਉਤਾਰ ਲਿਆ ਹੈ।

ਮੇਰੇ ਸ਼ਬਦ ਮੁਰਦਾ ਨਹੀਂ,
ਇਨ੍ਹਾਂ ਵਿਚ ਮੇਰੇ ਨੈਣ ਨਕਸ਼,
[4]ਜਨੈਟਿਕ ਉਂਗਲੀ-ਨਿਸ਼ਾਨ,
ਹਾਵਾਂ, ਭਾਵਾਂ, ਅਰਥਾਂ ਦੇ ਪਛਾਣ-ਚਿੰਨ੍ਹ,
ਸਾਹ ਲੈਂਦੇ ਹਨ।

1. ਬਰਕੀ – Electricity, 2. ਰਿਣ – Negative, 3. ਧਨ – Positive, 4. ਜਨੈਟਿਕ ਉਂਗਲੀ-ਨਿਸ਼ਾਨ–Genetic Finger Print,



ਮਨੁੱਖ ਸ਼ਬਦ ਹੀ ਤਾਂ ਹੈ!
ਮੈਂ ਆਪਣੇ ਸ਼ਬਦ ਤੇ ਪਛਾਣ-ਚਿੰਨ੍ਹ,
ਸਾਈਬਰ-ਸਪੇਸ[1] ਵਿਚ ਧਰ ਦਿੱਤੇ ਹਨ।
ਆਪਣੇ ਬਲੌਗ[2], ਆਪਣੇ ਵੈਬ-ਸਾਈਟ[3] ਵਿਚ,
ਅਨਿਕ ਸੂਰਜ ਰੌਸ਼ਨ ਕਰ ਦਿਤੇ ਹਨ।

ਮੇਰੇ ਸ਼ਬਦ, ਮੁਰਦਾ ਮੰਮੀਆਂ ਨਹੀਂ,
ਜਗਦੀ, ਦਗਦੀ ਤੇ ਮਘਦੀ ਹਕੀਕਤ ਹਨ।

ਮੈਂ ਮਿਸਰ ਦਾ ਰਾਜਾ ਨਹੀਂ,
ਕਲਮ ਤੇ ਸ਼ਬਦ ਦਾ ਕਿਰਤੀ ਹਾਂ।
ਮੇਰਾ ਬਲੌਗ,
ਮੇਰਾ ਵੈਬ-ਸਾਈਟ ਹੀ,
ਮੇਰਾ ਪਿਰਾਮਿਡ ਹੈ!!!

1. ਸਾਈਬਰ-ਸਪੇਸ – Cyber-space, 2. ਬਲੌਗ – blog,
3. ਵੈਬ-ਸਾਈਟ – Web-site

## ਵਿਆਹ: ਤਿੰਨ ਪ੍ਰਭਾਵ

**1**
ਇਸਤਰੀ ਤੇ ਪੁਰਖ ਦਾ ਸੰਭੋਗ,
ਵਿਆਹ ਉਪ੍ਰੰਤ,
ਅੰਤਿਮ ਤੇ ਪੱਕਾ ਹੋਇਆ
ਫਲ ਹੁੰਦਾ ਸੀ!!!

**2**
ਧਰਤੀ ਦੀ ਆਪਣੀ ਪ੍ਰਕਿਰਤੀ:
ਪਾਣੀ, ਹਵਾ, ਰੌਸ਼ਨੀ ਵਿਚੋਂ,
ਜੰਮੇਂ ਵੱਤਰ ਮੌਸਮ!
ਬੀ ਫੁੱਟੇ,
ਫਿਰ ਰੁੱਖ, ਫਲ ਬਣਦਾ!
ਨੇਮ 'ਚ ਬੱਝੇ –
ਸਬਰ, ਉਡੀਕਾਂ!!!

**3**
ਅੱਜ ਦਾ ਯੁਵਕ ਤਾਂ ਪਹਿਲਾਂ ਚਾਹਵੇ,
ਪੱਕੇ ਫਲ ਰਸ ਵਾਲੇ!



"ਪੱਕੇ ਰਿਸ਼ਤੇ ਨਿਰੇ 'ਕਾਨਟਰੈਕਟ'[1],
ਜਿਓਂ 'ਮੱਕੜੀ ਦੇ ਜਾਲੇ[2]!!!"

1. ਕਾਨਟਰੈਕਟ – Contract: ਠੇਕਾ – ਠੇਕੇ ਦੇ ਵਿਆਹ ਵਲ ਇਸ਼ਾਰਾ, 2. ਮੱਕੜੀ ਦੇ ਜਾਲੇ –Spider Webs–ਅਜੋਕੀ ਸ਼ਾਦੀ ਵਲ ਇਸ਼ਾਰਾ

ਬੁੱਢੀਆਂ ਧੁਪਾਂ, ਬੁੱਢੀਆਂ ਛਾਵਾਂ

ਬੁੱਢੇ ਹੋ, ਹੋ, ਤੁਰ ਗਏ ਸਾਰੇ,
ਪੁੱਤਰ, ਪਿਤਾ ਤੇ ਮਾਵਾਂ।
ਬੁੱਢੀਆਂ ਹੋ, ਹੋ, ਕਦੇ ਨਾ ਬੀਤਣ,
ਇਹ ਧੁੱਪਾਂ ਤੇ ਛਾਵਾਂ!!!

ਚੜ੍ਹਦੀ ਉਮਰ ‘ਚ ਦੀਨ ਇਸ਼ਕ ਸੀ,
ਇਸ਼ਕ ਹੁਨਰ ਤੇ ਇਸ਼ ਕਹੀ ਸ਼ੈਲੀ –
ਰੰਗ, ਰੂਪ, ਮਹਿਬੂਬ ਦਾ ਜਲਵਾ,
ਜਿਧਰ ਵੇਖਾਂ, ਜਿਧਰ ਜਾਵਾਂ।

ਇਸ਼ਕ, ਹੁਸਨ ਦੇ ਕਿੱਸੇ ਜੀਵੇ,
ਨਾਇਕ ਨੇ ਖਲਨਾਇਕ ਮਾਰੇ –
ਜਿੱਥੇ, ਜਿੱਥੇ ਆਸਣ ਲਾਏ,
ਜੱਨਤ ਬਣੀਆਂ ਥਾਵਾਂ।
॥ਰਹਾਓ॥

ਪਰ ਹੁਣ ...



ਆਪਣੇ ਅੰਦਰ ਢਲਦੇ ਜਾਈਏ –
ਜੀਵਨ ਵਿਚ ਚੜ੍ਹਾਅ ਰਿਹਾ ਨਾ,
ਅੰਗਾਂ ਦੇ ਵਿਚ ਤਾਅ ਰਿਹਾ ਨਾ,
ਛਾਵਾਂ ਵਿਚ ਪਛਾਣ ਨਹੀਂ ਹੁੰਦਾ,
ਹੁਣ ਆਪਣਾ ਪਰਛਾਵਾਂ!!!

## ਖੁਦ ਨੂੰ ਸਵਾਲ

ਠੀਕ ਹੋ ਕੇਵੀ,
ਕੁਝ ਵੀ ਠੀਕ ਨਜ਼ਰ ਨਹੀਂ ਆਉਂਦਾ,
ਜਦੋਂ ਵਿਅਕਤੀ,
ਖੁਦ ਨੂੰ ਸਵਾਲ ਬਣ ਜਾਂਦਾ ਹੈ!!!

ਪਾਣੀ ਮੈਦਾਨ ਵਲੋਂ,
ਪਹਾੜ ਵਲ ਤੁਰ ਪੈਂਦਾ ਹੈ!

ਸੂਰਜ, ਸਮੁੰਦਰ ਵਿਚ,
ਡੁਬਕੀ ਲਗਾਉਂਦਾ ਹੈ!

ਟੁੱਟਦਾ ਹੋਇਆ ਤਾਰਾ ਵੀ,
ਉੱਚੀ, ਉੱਚੀ ਗੀਤ ਗਾਉਂਦਾ ਹੈ!



ਵਿਅਕਤੀ, ਬੋਲਣ ਦੇ ਯਤਨ ਵਿਚ,
ਖਾਮੋਸ਼ੀ ਬਣ ਕੇ,
ਗਲੇ ਵਿਚ ਜੰਮ ਜਾਂਦਾ ਹੈ!!!

ਠੀਕ ਹੋ ਕੇ ਵੀ,
ਕੁਝ ਵੀ ਠੀਕ ਨਜ਼ਰ ਨਹੀਂ ਆਉਂਦਾ!!!

ਕਨਫਿਊਸ਼ਿਸ[1], ਸੁਕਰਾਤ[2] ਤੇ ਨਾਨਕ[3],
ਸਾਰਤ[4], ਮਾਰਕਸ[5], [6]ਬੁੱਧ-ਲੋਏ।
ਜੁਗੋ ਜੁਗੰਤਰ, ਕਿਵੇਂ ਨਿਰੰਤਰ
ਮਾਨਵ ਵਿਕਸਿਤ ਹੋਏ!
ਹੱਦ, ਸਰਹੱਦ ਨਾਂ ਮੰਨਣ ਸੋਚਾਂ,
ਇਨਕਲਾਬ ਜਦ ਆਏ!!!

1. ਕਨਫਿਊਸ਼ਿਸ - Confuclus: ਚੀਨੀ ਫਿਲਾਸਫਰ, 2. ਸੁਕਰਾਤ - Socrates: ਯੂਨਾਨੀ ਫਿਲਾਸਫਰ, 3. ਨਾਨਕ - ਗੁਰੂ ਨਾਨਕ : ਸਿੱਖ ਧਰਮ ਦਾ ਮੋਢੀ, 4. ਸਾਰਤ - Jean-Paul Sartre: ਅਸਤਿਵਵਾਦ ਦਾ ਮੋਢੀ, ਫਰਾਂਸੀਸੀ ਫਿਲਾਸਫਰ, 5. ਮਾਰਕਸ - Karl Marx:ਮਾਰਕਸਿਜ਼ਮ ਦਾ ਮੋਢੀ, ਜਰਮਨ ਫਿਲਾਸਫਰ, 6. ਬੁੱਧ -ਮਹਾਤਮਮ ਬੁੱਧ, ਬੁੱਧ ਧਰਮ ਦਾ ਮੋਢੀ

## ‘ਵਿਰੋਧ ਵਿਕਾਸ’ ਪ੍ਰਕਿਰਿਆ

ਅੰਤਿਮ ‘ਵਾਦ’, ‘ਵਿਚਾਰ’ ਨਾ ਕੋਈ,
ਸੱਚ ‘ਚੋਂ ਸੱਚ ਫੁੱਟ ਤੁਰਦੇ।
ਜੀਵਨ ਨਦੀ ਨਿਰੰਤਰ, ਕੰਢੇ
ਕੁਝ ਖੁਰਦੇ, ਕੁਝ ਭੁਰਦੇ।
‘ਵਿਰੋਧ ਵਿਕਾਸ’ ਦੀ ਕਿਰਿਆ ਨਿੱਤ ਹੀ,
ਵਿਕਸਿਤ ਹੁੰਦੀ ਜਾਏ।

ਘਣੀ ਅਨ੍ਹੇਰੀ ਰਾਤ ‘ਚ ਤਾਰੇ,
ਸੂਰਜ ਦੀ ਗੱਲ ਤੋਰਨ।
ਬਦਲੀ[1] ਲਈ ਘਟਾਵਾਂ ਚੜ੍ਹੀਆਂ,
ਆਪਣੇ ਰੁਖ ਨਾ ਮੋੜਨ।
ਅੰਬਰ, ਧਰਤ, ਨਦੀ ਦੀ ਵਿਥਿਆ,
ਸਾਗਰ, ਪਵਨ ਸੁਣਾਏ!!!

1. ਬਦਲੀ - Change

## ਇਕ ਕੁੜੀ

ਉਹ ਲੜਕੀ ਸੀ, ਇਕ ਗ਼ਜ਼ਲ ਜਿਹੀ,
ਸ਼ਿਅਰਾਂ ਵਿਚ ਜ਼ੁਲਫਾਂ ਦੀ ਛਾਂ ਸੀ।
ਚਿਹਰੇ ‘ਤੇ ਨੂਰ ਸੀ ਬ੍ਰਹਮੰਡ ਦਾ,
ਅੱਖਾਂ ਵਿਚ ਮੇਰੇ ਲਈ ਥਾਂ ਸੀ।

ਨਕਸ਼ਾਂ ਵਿਚ ਫੁਲਾਂ ਦੀ ਆਭਾ,
ਹੋਠਾਂ ‘ਚੋਂ ਪਤੀਆਂ ਦਾ ਕਿਰਨਾ –
ਉਹ ਮੋਹ ਸੀ, ਉਹ ਮਹਿਬੂਬ ਨਿਰੀ,
ਉਸ ਅੰਦਰ ਮਮਤਾ ਸੀ, ਮਾਂ ਸੀ।

ਉਹ ਬੋਲੇ, ਕਵਿਤਾ ਝਰਦੀ ਸੀ,
ਉਹ ਤੁਰਦਾ ਫਿਰਦਾ ਗੀਤ ਸੀ ਇਕ।
ਬਿਨ ਸਾਜ਼ੋਂ ਸੀ ਸੰਗੀਤ ਕੋਈ,
ਬੋਲਾਂ ਵਿਚ ਮੇਰਾ ਹੀ ਨਾਂ ਸੀ।

ਉਹ ਹੱਸੇ, ਬੱਦਲ ਗੱਜਦੇ ਸਨ,
ਅੱਖਾਂ ਵਿਚ ਲਿਸ਼ਕ ਸੀ ਬਿਜਲੀ ਦੀ।
ਥਲ ਤਪਦੇ, ਵੱਸਦਾ ਮੀਂਹ ਸੀ ਉਹ,
ਉਹ ਕੇਵਲ ਮੇਰੀ ਹੀ ਛਾਂ ਸੀ।



ਉਹ ਕੁੜੀ ਹੈ ਕਿੱਧਰ ਚਲੇ ਗਈ?
ਉਹ ਛਲ ਸੀ, ਵਲ ਕਿ ਵਲੇਵਾਂ ਸੀ?

ਉਹ ਭਰਮ-ਜਲਾਂ ਦੀ ਜਨਣੀ ਸੀ?
ਜਾਂ ਸੁੱਚੇ ਸੱਚ ਦੀ ਹੀ ਮਾਂ ਸੀ?

ਉਹ ਕੁੜੀ ਸੀ, ਜਾਂ ਉਹ ਜ਼ਿੰਦਗੀ ਸੀ??
ਜੁ ਜਨਮ ਦੇ ਚੱਕਰ ਵਿਚ ਪੈ ਗਈ???
ਉਹ ਧੀ ਸੀ, ਉਹ ਮਾਸ਼ੂਕ ਬਣੀ,
ਉਹ ਪੋਤੇ, ਪੋਤੀ ਦਾ ਨਾਂ ਸੀ!!!

## ਆਪਣਾ ਯੁੱਗ

ਇਹ ਪਿੰਡ ਬ੍ਰਹਮੰਡ ਸਭ ਆਪਣੇ ਨੇ,
ਇਹ ਭੇਦ ਸਮਝ ਹੁਣ ਆਇਆ ਹੈ।
ਸ਼ਬਦਾਂ ਵਿਚ ਆਪਣੇ ਅਰਥ ਧਰੇ,
ਅਸੀਂ ਆਪਣਾ ਯੁੱਗ ਪਲਟਾਇਆ ਹੈ!!!

ਕਦੇ ਭੂਤ, ਭਵਿੱਖ ਵਿਚ ਟੁੱਟਦੇ ਰਹੇ।
ਕਦੇ ਵਰਤਮਾਨ ਨਾਲ ਰੁਸਦੇ ਰਹੇ।
ਸਮਿਆਂ ਦੇ ਨਿਰੰਤਰ ਚੱਕਰ[1] ਵਿਚ,
ਅਸੀਂ ਆਪਣਾ ਰੂਪ ਵਟਾਇਆ ਹੈ।

ਫੁੱਲਾਂ ਵਿਚ ਖਿੜਨਾ ਸਿਖਿਆ ਨਾ।
ਮਹਿਕਾਂ ਦਾ ਸੁਨੇਹਾ ਦਿਖਿਆ ਨਾ।
ਇਨ੍ਹਾਂ ਊਲ ਜਲੂਲੀ[2] ਚੱਕਰਾਂ ਨੂੰ,
ਅਸੀਂ ਆਪਣਾ ਰੰਗ ਚੜ੍ਹਾਇਆ ਹੈ।

1. ਚਕਰ – Cycle, 2. ਊਲਜਲੂਲੀ – Absurd



ਸੋਮੇਂ, ਚਸ਼ਮੇਂ, ਦਰਿਆਵਾਂ ਨੂੰ,
ਸਾਗਰ ਬਣ ਚੜ੍ਹੀਆਂ ਘਟਾਵਾਂ ਨੂੰ,
ਸੱਤ-ਰੰਗੀਆਂ ਸ਼ੋਖ ਅਦਾਵਾਂ ਨੂੰ,
ਅਸੀਂ ਆਪਣਾ ਆਪ ਬਣਾਇਆ ਹੈ।

ਸੂਰਜ ਵਿਚ ਅਰਥ ਵੀ ਮੇਰੇ ਨੇ।
ਹਰ ਰੁੱਤ ਵਿਚ ਮੇਰੇ ਗੇੜੇ ਨੇ।

ਮੈਂ 'ਹਾਂ' ਵੀ 'ਹਾਂ' ਤੇ 'ਨਹੀਂ' ਵੀ ਹਾਂ,
'ਲੁਕ-ਲੱਭ'[1] ਦਾ ਖੇਡ ਰਚਾਇਆ ਹੈ।

ਇਹ ਜਨਮ, ਪੀੜ੍ਹੀਆਂ ਦੇ ਗੇੜੇ,
ਬੀਜਾਂ ਦੇ ਫੁੱਲਾਂ ਵਿਚ ਖੇੜੇ,
ਇਸ 'ਹੋਂਦ'[2], 'ਅਹੋਂਦ'[3] ਦੇ ਚਕਰ ਨੇ,
ਮੈਨੂੰ 'ਹੋਣਾ'[4] ਹੀ ਸਿਖਲਾਇਆ ਹੈ।

1. ਲੁਕ-ਲਭ – ਲੁਕਣ-ਮੀਟੀ, 2. ਹੋਂਦ – Being, 3. ਅਹੋਂਦ – Nothingness, 4. ਹੋਣਾ – Becoming

## ਚੱਲਦੀਆਂ ਸੂਈਆਂ ਵਿਚ ਖੜ੍ਹਾ ਸਮਾਂ

ਸੜਕਾਂ,
ਰੁੱਖਾਂ ਵਰਗੀਆਂ ਹਨ।
ਟਾਹਣਾਂ,
ਦਿਸ਼ਾਵਾਂ ਦੀ ਨਿਸ਼ਾਨਦੇਹੀ!

ਇਹ ਕਿਹਾ ਮੌਸਮ ਹੈ ਅੱਜ?

ਸੜਕਾਂ,
ਸੁੱਕੇ ਪੱਤਿਆਂ ਵਾਂਗ,
ਝੜ ਜਾਂਦੀਆਂ ਹਨ।
ਦਿਸ਼ਾਵਾਂ,
ਰੁੱਖਾਂ ਦੇ ਨਾਲ ਹੀ,
ਦਫਨ ਹੋ ਜਾਂਦੀਆਂ ਹਨ!

ਮੇਰੇ ਜੀਵਨ ਦਾ ਸਫਰ,
ਊਲ ਜਲੂਲ ਹੋ,
ਉਕ ਗਿਆ ਹੈ!



ਇਹ ਕਿਹਾ ਕਲਾਕ ਹੈ?

ਸੂਈਆਂ ਚੱਲ ਰਹੀਆਂ,
ਪਰ ਸਮਾਂ ਰੁਕ ਗਿਆ ਹੈ!!!

## ਦੌੜ ਵਿਚ ਘਿਰੇ ਟਾਪੂ

ਲ਼ੱਕ ਦੇ ਨਾਲ ਹੀ ਜਿਵੇਂ,
ਅੰਬਰ ਵੀ ਮੇਰਾ ਝੁਕ ਗਿਆ ਹੈ।

ਧਰਤੀ ਪੈਰਾਂ ਤੀਕ ਨਜ਼ਰ ਆਉਂਦੀ ਹੈ!!!

ਪੈਰਾਂ ਵਿਚ ਸਿਮਟ,
ਪੈਂਡਾ ਵੀ ਜਿਵੇਂ ਮੁਕ ਗਿਆ ਹੈ।

ਅੱਖ-ਬੰਦ ਨਿਸ਼ਾਨੇ ਲਾਉਣ ਵਾਲਾ,
ਖੁੱਲ੍ਹੀਆਂ ਅੱਖਾਂ 'ਚ, ਚੁਕ ਗਿਆ ਹੈ।

ਚੱਲ ਰਹੇ ਨੇ ਤੇਜ਼, ਤੇਜ਼,
ਸਮਾਂ, ਜੀਵਨ ਤੇ ਜਹਾਨ -

ਦੌੜ ਵਿਚ ਘਿਰੇ,
ਇਸ ਟਾਪੂ 'ਤੇ,
ਸਭ ਕੁਝ ਰੁਕ ਗਿਆ ਹੈ!!!



## ਖੁਦਾ ਦਾ ਕਤਲ

*-ਪੇਸ਼ਾਵਰ, ਪਾਕਿਸਤਾਨ, ਵਿਚ, 16 ਦਸੰਬਰ, 2014 ਨੂੰ ਹੋਏ,*
*ਸਕੂਲੀ ਬੱਚਿਆਂ ਦੇ ਕਤਲ-ਏ-ਆਮ ਤੋਂ ਬਾਅਦ-*

ਫੁੱਲਾਂ ਨੂੰ ਵੇਖੀਦਾ ਹੈ,
ਮਾਣੀਂਦਾ ਹੈ,
ਉਨ੍ਹਾਂ ਦੇ ਰੰਗ ਰੂਪ ਦੇ,
ਮਹਿਕਦੇ,
ਮਾਲੀ ਬਣੀਂਦਾ ਹੈ।

ਇਨ੍ਹਾਂ ਫੁੱਲਾਂ 'ਚੋਂ ਹੀ,
ਭਵਿੱਖ ਦਾ ਸੂਰਜ ਚੜ੍ਹਦਾ ਹੈ,
ਆਦਿ ਤੇ ਜੁਗਾਦਿ ਨਾਲ,
ਰਿਸ਼ਤਾ ਜੁੜਦਾ ਹੈ।

ਫੁਲਾਂ 'ਤੇ ਗੋਲੀਆਂ ਬਰਸਾਉਣ ਵਾਲੇ,
ਇਹ ਕੌਣ ਸਨ?

ਕੌਣ ਸਨ ਇਹ

ਖੁਦਾ ਨੂੰ, ਕੁਰਾਨ ਨੂੰ,
ਕਤਲ ਕਰਕੇ,
ਜਨੱਤ ਦਾ ਟਿਕਟ ਕਟਾਉਣ ਵਾਲੇ?

ਬੱਚਿਆਂ ਦੇ ਮਾਸੂਮ ਚਿਹਰੇ,
ਖੁਦਾ ਦਾ ਰੂਪ ਹੁੰਦੇ ਹਨ!



## ਦਹਿਸ਼ਤ ਦੇ ਮਖੌਟੇ

*–ਫਰਵਰੀ, 2015 ਵਿਚ, ਆਈਸਿਸ ਵਲੋਂ*
*ਜੌਰਡਨ ਦੇ ਹਵਾਈ ਸੈਨਿਕ ਨੂੰ ਜ਼ਿੰਦਾ ਜਲਾਉਣ ਅਤੇ*
*ਲਿਬੀਆ ਵਿਚ, 21 ਈਸਾਈਆਂ ਦੇ ਸਿਰ ਕਲਮ ਕਰਨ ਤੋਂ ਬਾਅਦ –*

ਸਨਅਤ ਅਤੇ ਵਿਓਪਾਰ ਦੇ ਨਾਲ, ਨਾਲ,
ਦਹਿਸ਼ਤ ਦਾ ਵੀ,
ਵਿਸ਼ਵੀਕਰਨ ਹੋ ਗਿਆ ਹੈ।

ਏਸ ਹਮਾਮ ਵਿਚ,
ਸਿਆਸਤ, ਤਸਕਰੀ ਤੇ ਜੁਰਮ,
ਇਕ ਦੂਜੇ ਦੇ ਸਮਅਰਥਕ ਜਾਪਦੇ ਹਨ।

ਸਭ ਦੇ ਚਿਹਰੇ ਬੇਪਛਾਣ ਹਨ!

ਤੁਰਦੇ, ਫਿਰਦੇ ਮਖੌਟੇ ਹਨ, ਧਰਮ ਵੀ!!!

ਕਿਸੇ ਮਖੌਟੇ ਹੇਠੋਂ,
ਓਸਾਮਾਂ ਬਿਨ ਲਾਦਨ ਨਿਕਲ ਆਉਂਦਾ ਹੈ,
ਅਲਕਾਇਦਾ[1] ਸਮੇਤ!

1. ਅਲਕਾਇਦਾ – Al-Qaeda : Exponent of global war of terrorism

ਕਿਸੇ ਹੇਠੋਂ ਤਾਲਿਬਾਨ[2],
ਬੋਕੋਹਰਾਮ[3]!!!

ਤੇ ਹੁਣ, ਆਏ ਹਨ,
ਆਈਸਿਸ[4] ਦੇ ਨਵੇਂ ਖਲੀਫੇ।
ਇਸਲਾਮ ਦੇ ਨਾਮ 'ਤੇ,
ਜੌਰਡਨ[5] ਦਾ ਹਵਾਈ ਸੈਨਿਕ,
ਜ਼ਿੰਦਾ ਜਲਾ ਦਿੰਦੇ ਹਨ।
ਸਭ ਨੂੰ,
ਜੰਗਲ ਦੀ ਅੱਗ ਵਿਖਾ ਦਿੰਦੇ ਹਨ।

ਮਿਸਰੀ ਈਸਾਈਆਂ ਦੇ ਸਿਰ,
ਧੜ ਤੋਂ ਅਲੱਗ ਕਰ ਦਿੰਦੇ ਹਨ।
"ਅੱਲਾ ਹੂ ਅਕਬਰ" ਦੇ ਨਾਅਰੇ ਹੇਠ,
ਆਪਣੇ ਲਈ,
ਜੱਨਤ ਦਾ ਟਿਕਟ ਕਟਾ ਲੈਂਦੇ ਹਨ।

ਅਮਰੀਕਾ ਤੇ ਪੱਛਮੀਂ ਦੇਸ਼ਾਂ ਦੀ ਸ਼ਕਤੀ ਨੂੰ,
ਉਨ੍ਹਾਂ ਦੀ ਸੀਮਾਂ ਵਿਖਾ ਦਿੰਦੇ ਹਨ।

- ਅੱਗ ਲਗਾ ਦਿੰਦੇ ਹਨ
- ਸਿਰ ਉਡਾ ਦਿੰਦੇ ਹਨ
- ਪ੍ਰੈਸ਼ਰ ਕੁੱਕਰ ਤੇ
- ਆਤਮ-ਘਾਤੀ
- ਬੰਬ ਚਲਾ ਦਿੰਦੇ ਹਨ -

ਨਾਸ਼ਮਾਨ ਦੇਹ ਦਾ,
ਭੇਦ ਸਮਝਾ ਦਿੰਦੇ ਹਨ!!!

---

1. ਤਾਲਿਬਾਨ - Talliban: ਪਾਕਿਸਤਾਨ ਦੇ ਜਿਹਾਦੀ ਦਹਿਸ਼ਤਗਰਦ, 2. ਬੋਕੋਹਰਾਮ - Boko Haram: ਅਫਰੀਕਨ ਦੇਸ਼ਾਂ:ਨਾਈਜੇਰੀਆ, ਕੈਮਰੂਨ, ਨਾਈਜਰ ਅਤੇ ਚੈਡ ਦੇ ਜਿਹਾਦੀ ਅੱਤਵਾਦੀ, 3. ਆਈਸਿਸ ਜਾਂ ਆਈਸਿਲ - ISIS or ISIL : Islamic state of Iraq and the Levant ਇਨ੍ਹਾਂ ਦਾ ਕਰਮ-ਖੇਤਰ ਮੁੱਢ ਵਿਚ ਈਰਾਕ ਤੇ ਸੀਰੀਆ ਵਿਚ ਸੀ, ਪਰ ਹੁਣ ਇਹ ਲਿਬੀਆ ਤੇ ਯਮਨ ਵਿਚ ਵੀ ਫੈਲ ਰਹੇ ਹਨ। 4. ਜੌਰਡਨ - Jordan



ਕਈ ਦੇਸ਼ਾਂ ਵਿਚ,
ਮਖੌਟਿਆਂ ਹੇਠ ਰੀਂਗਦੇ,
ਅਨਿਕ 'ਜਿਹਾਦੀ' ਹੋਰ ਹਨ -
ਜੁ ਨਹੀਂ ਪ੍ਰਗਟ,
ਨਾਂ ਹੋਏ ਕਰਮਸ਼ੀਲ -
ਦਹਿਸ਼ਤ ਦੀ ਇਹ ਨੇ ਨਰਸਰੀ[1],
ਖਤਰਾ ਭਵਿੱਖ ਲਈ।

ਦਹਿਸ਼ਤ ਦੇ ਇਨ੍ਹਾਂ
ਮਖੌਟਿਆਂ ਦੇ ਚੱਕ੍ਰਵਿਊਹ ਵਿਚ,
ਇਨਸਾਨ ਦੀ ਸੰਭਾਵਨਾ ਤੇ ਸਮਰੱਥਾ ਹੀ,
ਉਸਦੀ ਸੀਮਾਂ ਬਣ ਗਈ ਹੈ।

ਤਖਤ ਜਾਂ ਤਖਤਾ ਸੋਚਦੀ,
ਜ਼ਿੰਦਗੀ ਤੇ ਮੌਤ ਦੀ ਵੀ,
ਠਣ ਗਈ ਹੈ!!!

---

1. ਨਰਸਰੀ - Nursery - ਪਨੀਰੀ

## ਨਵੇਂ ਇਸ਼ਕ: ਨਵੇਂ ਖੁਦਾ

ਇਸ਼ਕ ਦੀ ਕੀ ਲੋੜ ਹੈ?

**1**
'ਡੇਟ'[1] ਕਰੋ,,
ਪੀਂਘ ਚੜ੍ਹੋ,
ਮਾਣੋਂ ਸਤ-ਰੰਗੀਆਂ!!!

**2**
ਉਡੀਕ ਦੀ ਨਾ ਲੋੜ,
ਦਿਲ ਨੂੰ ਕੋਈ ਦਰਦ
ਨਾ ਕੋਈ ਰੋਗ -
ਨਾ ਵਾਅਦੇ, ਨਾ ਵਫਾ,
ਨਾ ਉਮਰ ਭਰ ਦੀ ਕੈਦ।

1. ਡੇਟ - Date : ਮੁੰਡੇ ਕੁੜੀਆਂ ਦਾ, ਇਕ ਦੂਜੇ ਨੂੰ, ਸਮਾਂ ਨਿਸ਼ਚਤ ਕਰਕੇ ਮਿਲਣਾ।



'ਡਾਇਟਿੰਗ'[1],
ਇਹ ਨਵੇਂ ਇਸ਼ਕ ਲਈ -
ਮਨ ਦੀਆਂ ਤੇ ਤਨ ਦੀਆਂ,
ਸਿਹਤਾਂ ਰੱਖੋ ਚੰਗੀਆਂ।

**3**
ਖਪਤ-ਕਲਚਰ:
ਅੰਗਾਂ ਨੂੰ ਅੰਗਾਂ ਦੀ ਭਾਸ਼ਾ,
ਸਮਝ ਆਵੇ।
'ਸਿਖਰ-ਸੰਤੋਖ'[2] ਤਕ ਦਾ ਸਾਥ।

ਕਲ੍ਹ ਕੋਈ ਹੋਰ ਸੂਰਜ ਚੜ੍ਹੇਗਾ:

ਚਿਹਰਾ ਨਵਾਂ, ਸ਼ੈਲੀ ਨਵੀਂ,
ਨਵੀਂ ਅਦਾ!

ਭਗਤੀ ਨਵੀਂ, ਕਾਇਦੇ ਨਵੇਂ,
ਨਵੇਂ ਖੁਦਾ!!!

1. ਡਾਇਟਿੰਗ - Dieting : ਸਿਹਤਮੰਦੀ ਲਈ ਪਰਹੇਜ਼ਗਾਰੀ।
2. ਸਿਖਰ-ਸੰਤੋਖ - Orgasm

## ਸੂਖਮ ਸਿਖਰ-ਸੰਤੋਖ[1]

ਹੁਣ ਤਾਂ, ਤੇਰੇ ਕੋਲ,
ਆਉਂਦਿਆਂ, ਆਉਂਦਿਆਂ,
ਫੂਕ ਨਿਕਲ ਜਾਂਦੀ ਹੈ!

ਬਿਨ ਹਵਾ ਦੇ ਭੁਕਾਨੇ ਵਾਂਗ,
ਖਸਿਆਨੀ ਜਿਹੀ ਹਸੀ ਹੱਸਦੇ, ਅਸੀਂ
ਤੇਰੀਆਂ ਅੱਖਾਂ ਵਿਚ ਲੀਨ ਹੋ ਜਾਂਦੇ ਹਾਂ।

ਸਾਗਰ ਤੋਂ ਵਿਸ਼ਾਲ ਤੇਰੇ ਨੈਣਾਂ ਵਿਚ,
ਤੈਰਦੇ, ਤੈਰਦੇ,
ਸਗਲੇ ਸਮੁੰਦਰ ਦੀ,
ਇੱਕੋ, ਇੱਕ,
ਮੀਨ ਹੋ ਜਾਂਦੇ ਹਾਂ।

ਕਲਮ 'ਚੋਂ ਅਜੇ ਵੀ,
ਤੇਰੇ ਹੁਸਨ ਦੇ ਗੀਤ ਫੁੱਟਦੇ ਨੇ।
ਤੇਰੇ ਇਸ਼ਕ ਦਾ ਕਮਾਲ ਹੀ ਤਾਂ ਹੈ,
ਦਿਲ 'ਚੋਂ ਅਜੇ ਵੀ ਤੂਫਾਨ,
ਲਹਿੰਦੇ ਤੇ ਉੱਠਦੇ ਨੇ।



ਕਲਪਨਾਂ ਤਾਂ 'ਬ੍ਰਹਮ' ਤੇ 'ਬ੍ਰਹਮੰਡ' ਨੂੰ,
ਛਿਣ ਦੀ ਛਿਣ 'ਸ਼ਬਦ' ਬਣਾ,
ਪਕੜ ਲੈਂਦੀ ਹੈ।
ਜੋ ਗੀਤ ਕਹਿੰਦੀ ਹੈ,
ਤੇਰਾ ਹੀ ਕਹਿੰਦੀ ਹੈ।
ਪਰ ਫਿਰ ਵੀ,
ਸਮੇਂ ਦੇ ਨਾਲ ਇਸ਼ਕ ਦੀ,
ਤਾਸੀਰ ਬਦਲ ਜਾਂਦੀ ਹੈ।
ਇੱਛਾ ਤਾਂ ਉਹ ਹੀ ਰਹਿੰਦੀ ਹੈ,
ਤਦਬੀਰ ਬਦਲ ਜਾਂਦੀ ਹੈ।

ਇਹ ਠੰਡੇ ਜਿਸਮ ਵਿਚ,
ਗਰਮ ਜਜ਼ਬਾਤ ਦੀ ਰੁੱਤ ਹੈ!!!

ਤੇਰੀਆਂ ਅੱਖਾਂ ਹੀ ਤੇਰੀ ਸੂਖਮ
ਹੋਂਦ ਦਾ ਪ੍ਰਕਾਸ਼ ਹਨ।

ਏਸ ਰੁੱਤੇ,
ਚਾਨਣ ਨੂੰ ਜਿਸਮ ਵਾਂਗ ਨਹੀਂ,
ਖੁਸ਼ਬੂ ਵਾਂਗ ਮਾਣੀਂਦਾ ਹੈ।

ਏਸ ਮੇਲ ਵਿਚ, ਤਨ ਦੀ
ਰਗੜ ਘਸਰ ਨਹੀਂ ਹੁੰਦੀ।

ਅਵਸਤੂ[1] ਹੋਂਦ,
ਇਕ ਦੂਜੇ ਵਿਚ ਅਭੇਦ ਹੋ ਜਾਂਦੀ ਹੈ।
ਇਕ ਸੂਖਮ ਸਿਖਰ-ਸੰਤੋਖ ਨੂੰ ਪਹੁੰਚੀ,
ਅਨਹਦ ਨਾਦ ਵਜਾਂਦੀ ਹੈ!!!

'ਮੈਂ' ਨੂੰ 'ਤੂੰ'
ਤੇ 'ਤੂੰ' ਨੂੰ 'ਮੈਂ' ਵਾਂਗ ਗਾਂਦੀ ਹੈ!!!

---

1. ਸੂਖਮ ਸਿਖਰ-ਸੰਤੋਖ : Abstract Orgasm 2. ਅਵਸਤੂ: Abstract

## ਜੰਮਦੇ ਮਰਦੇ ਸ਼ਬਦ

ਬਹੁਤ ਸਾਰੇ ਸ਼ਬਦ ਬਿਰਧ ਹੋ ਕੇ,
ਬੋਲ ਚਾਲ ਨਾਲੋਂ ਟੁੱਟ ਗਏ ਹਨ।
ਆਪਣੇ ਗੁੰਬਦ 'ਚ, ਆਪਣਾ
ਸੰਸਾਰ ਸਮੇਟੀ,
ਸਦਾ ਲਈ ਰੁਕ ਗਏ ਹਨ।

ਬਿਰਧ ਅਰਥ ਵੀ ਹੁੰਦੇ ਹਨ,
ਹਾਵ ਭਾਵ ਵੀ।

ਇਹ ਸ਼ਬਦ ਦਾ ਉਹ ਸਮਾਂ ਹੈ,
ਜਦੋਂ ਉਸ 'ਚੋਂ ਕੋਈ ਰੁੱਤ ਨਹੀਂ ਫੁੱਟਦੀ।
ਕੱਲ੍ਹ ਦਾ ਗਿਆਨ, ਅਗਿਆਨ ਹੋ,
ਨਵ-ਗਿਆਨ 'ਚ ਸਮਾ ਜਾਂਦਾ ਹੈ।

ਆਪਣੀ ਨਿਰੰਤਰਤਾ ਵਿਚ ਵੀ,
ਟੁੱਟ, ਟੁੱਟ ਕੇ ਤੁਰੀ ਜ਼ਿੰਦਗੀ 'ਤੇ,
ਜੁੜਨ, ਜੋੜਨ ਦਾ
ਮੌਸਮ ਆ ਜਾਂਦਾ ਹੈ!!!



ਹੁਣ ਤਾਂ ...
ਇਸਤਰੀ ਪੁਰਖ ਦੇ ਸੰਬੋਧਨੀ ਸਵੱਰ ਵਿਚ ਵੀ,
ਕੰਪਿਊਟਰੀ ਜੁਗਤਾਂ ਹਨ,
ਸਾਈਬਰਸਪੇਸ[1] ਦੀ ਸ਼ਬਦਾਵਲੀ ਹੈ।
ਇੰਟਰਨੈੱਟੀ[2] ਸੰਚਾਰ ਹੈ।
ਗਰੀਨ ਹਾਊਸ[3] ਵਿਚ ਵਿਗਸਦਾ,
ਨਵ-ਕੁਦਰਤੀ ਵਿਹਾਰ ਹੈ।

ਸ਼ਾਦੀ 'ਸਾਂਝੇ ਕਾਨੂੰਨ'[4] ਵਿਚ ਬਦਲ ਗਈ ਹੈ।

ਅੰਡਾ ਤੇ ਵੀਰਜ-ਬੈਂਕ ਵੀ,
ਮੰਡੀ ਦੀਆਂ ਵਸਤਾਂ ਵਾਂਗ,
ਸਟਾਕ-ਐਕਸਚੇਂਜ[5] ਵਿਚ,
ਡਿਗਦੇ ਤੇ ਉੱਠਦੇ ਹਨ।

'ਇਨ ਵੀਟਰੋ ਫਰਟੇਲਾਈਜ਼ੇਸ਼ਨ'[6],
ਕਲੋਨਿੰਗ ਅਤੇ ਜਨੈਟਿਕ ਐਂਜਨੀਅਰਿੰਗ[7],
ਇਸ ਖਪਤ-ਕਲਚਰ ਲਈ,
ਜ਼ਿੰਦਗੀ ਦਾ ਉਤਪਾਦਨ,
ਵਸਤਾਂ ਵਾਂਗ ਕਰਨ ਦੀ,
ਹਾਮੀਂ ਭਰਦੇ ਹਨ।

ਏਸ ਯੁੱਗ ਵਿਚ, ਮਾਨਵ ਵਾਂਗ ਹੀ,
ਸ਼ਬਦ ਜੰਮਦੇ ਵੀ ਰਹਿੰਦੇ ਹਨ।
ਸ਼ਬਦ ਮਰਦੇ ਵੀ ਰਹਿੰਦੇ ਹਨ।

---

1. ਸਾਈਬਰਸਪੇਸ: Cyberspace, 2. ਇੰਟਰਨੈਟੀ ਸੰਚਾਰ : Internet Communication, 3. ਗਰੀਨ ਹਾਊਸ: Green House, 4. ਸਾਂਝੇ ਕਾਨੂੰਨ: Common Law Relationship of a Man and a Woman, 5. ਸਟਾਕ-ਐਕਸਚੇਂਜ: Stock Exchange, 6. 'ਇਨਵੀਟਰੋਫਰਟੇਲਾਈਜ਼ੇਸ਼ਨ': 'In Vitro Fertilization', 7. ਕਲੋਨਿੰਗ ਅਤੇ ਜਨੈਟਿਕ ਐਂਜਨੀਅਰਿੰਗ: Cloning & Genetic Engineering

## ਘਰ: ਇਕ **ਯੁਵਕ ਦਾ ਪ੍ਰਤੀਕਰਮ

ਘਰ: ਅਕੇਵਾਂ[1] ਹੈ, ਥਕੇਵਾਂ ਹੈ!!!

ਘਰ ਦਾ ਮਾਹੌਲ,
ਸਲੀਪਿੰਗ ਗੈਸ[2] ਵਰਗਾ,
ਨਿੰਦਰਾਇਆ, ਸੁਸਤ, ਆਲਸੀ!

ਉਹ ਹੀ ਚਿਹਰੇ, ਉਹ ਹੀ ਸਵਾਲ,
ਰਟੇ ਰਟਾਏ ਉਹ ਹੀ ਜਵਾਬ।

ਇਕ ਹੀ ਰੁੱਤ ਬੀਤਦੀ ਦੀ ਹੈ ਏਥੇ,
ਬਾਰਾਂ ਮਹੀਨੇ, ਸੱਤ ਦਿਨ,
ਕੋਈ ਬਦਲਾਓ ਨਹੀਂ ਆਉਂਦਾ।

**ਯੁਵਕ – Youth
1. ਅਕੇਵਾਂ – Boredom, 2. ਸਲੀਪਿੰਗ ਗੈਸ – Sleeping Gas



ਹਰ ਕੋਈ ਏਥੇ,
ਚਾਹੇ ਅਚਾਹੇ,
ਬੀਤ,
ਵਿਅਰਥ ਹੋ ਰਿਹਾ ਹੈ।

ਚਾਅ, ਉਮਾਹ, ਐਡਵੈਂਚਰ[1]
ਕਿੱਧਰ ਗਿਆ ਹੈ?

ਮਾਂ ਦਾ ਉਹ ਹੀ ਭੱਦਾ ਜਿਹਾ ਮੇਕ-ਅੱਪ[2],
ਪਿਓ ਦੇ ਉਹ ਹੀ ਕੰਮ ਵਾਲੇ ਕਪੜੇ।
ਭੈਣ, ਭਾਈ, ਸਕੂਲ ਦੀ
ਯੂਨੀਫਾਰਮ[3] ਬਣ ਕੇ ਰਹਿ ਗਏ ਹਨ,
ਸਲੀਪਿੰਗ ਸੂਟ[4]।

ਉਨ੍ਹਾਂ ਦੀਆਂ ਅੱਖਾਂ 'ਚੋਂ,
ਸ਼ਰਾਰਤ ਨਹੀਂ ਫੁੱਟਦੀ।
ਅੰਗਾਂ 'ਚੋਂ ਚੁਲਬਲਾਹਟ ਨਹੀਂ ਉੱਠਦੀ।

ਮਨ ਆਏ 'ਤੇ,
ਮਨ-ਮਰਜ਼ੀ ਦੀ,
ਖੇਡ ਖੇਡਣ ਦੀ, ਕਾਂਗ ਨਹੀਂ ਫੁੱਟਦੀ।

ਬੱਦਲਾਂ ਵਰਗੀ,
ਗੜਗੜਾਹਟ ਨਹੀਂ ਹੁੰਦੀ।

ਵੱਖਰੀ ਜਿਹੀ,
ਕੋਈ ਦਸਤਕ,
ਕੋਈ ਆਹਟ ਨਹੀਂ ਹੁੰਦੀ।

1. ਐਡਵੈਂਚਰ – Adventure, 2. ਮੇਕ-ਅਪ – Make-up 3. ਯੂਨੀਫਾਰਮ – Uniform,
4. ਸਲੀਪਿੰਗ ਸੂਟ – Sleeping suit,

ਇਕ ਖਾਮੋਸ਼ ਘੰਟੀ ਵੱਜਦੀ ਹੈ,
ਸਨੈਕ[1] ਸ਼ੁਰੂ ਹੋ ਜਾਂਦਾ ਹੈ
ਹੋਮਵਰਕ[2] ਤੇ ਡਿਨਰ[3]।

ਰੋਬੋਟ[4] ਵਰਗਾ ਜੀਵਨ ਹੈ ਏਥੇ,
ਹਾਵ ਭਾਵ-ਰਹਿਤ,
ਸਪਾਟ ਚਿਹਰੇ।

ਮੈਂ ਕੰਪਿਊਟਰਾਂ ਵਿਚ ਪਿਆ,
ਇਕ ਹੋਰ ਕੰਪਿਊਟਰ[5] ਹਾਂ।

ਮੇਰੀ ਕੋਈ ਹੋਂਦ,
ਕੋਈ ਪਛਾਣ ਨਹੀਂ!!!

ਘਰ: ਅਕੇਵਾਂ ਹੈ, ਥਕੇਵਾਂ ਹੈ!!!
ਘਰ ਦਾ ਮਾਹੌਲ,
ਸਲੀਪਿੰਗ ਗੈਸ ਵਰਗਾ,
ਨਿੰਦਰਾਇਆ, ਸੁਸਤ, ਆਲਸੀ!

---

1. ਸਨੈਕ - Snack 2. ਹੋਮਵਰਕ - Home-work, 3. ਡਿਨਰ - Dinner,
4. ਰੋਬੋਟ - Robot, 5. ਕੰਪਿਊਟਰ - Computer



## ਬੂਹਾ ਤੇ ਉਬਾਸੀ

ਬੂਹਾ ਖੁੱਲ੍ਹਦਾ,
ਉਬਾਸੀ ਅੰਦਰ ਆਉਂਦੀ ਹੈ।

ਨਜ਼ਰ ਵਿਚ,
'ਨ੍ਹੇਰ ਦਾ ਫੈਲਾਅ ਹੈ!

ਆਸਪਾਸ ਜੁ ਵੀ ਰੰਗ ਸਨ,
'ਨ੍ਹੇਰ ਵਿਚ ਸਿਮਟ ਚੁੱਕੇ ਹਨ,
ਅਹਿਸਾਸ ਬਾਕੀ ਹੈ!

ਇਹ ਸ਼ੂਨਯ ਵਿਚ ਭਿੱਜਕੇ,
ਸ਼ੂਨਯ ਤੋਂ ਪਾਰ ਜਾਣ ਦੀ ਰੁੱਤ ਹੈ।

ਬੂਹਾ ਖੱਲ੍ਹਦਾ,
ਉਬਾਸੀ ਅੰਦਰ ਆਉਂਦੀ ਹੈ!!!

## ਰੁਲੇ ਹੋਏ

ਰੇਡੀਓ, ਟੀ.ਵੀ., ਸਟੀਰੀਓ,
ਤਿੰਨੇ ਚੱਲ ਰਹੇ ਹਨ।

ਧਿਆਨ-ਕੇਂਦ੍ਰਿਤ, ਮੈਂ,
ਦੋ ਕੰਨਾਂ ਨਾਲ,
ਤਿੰਨਾਂ ਨੂੰ, ਇੱਕੋ ਸਮੇਂ,
ਸਪਸ਼ਟ ਸੁਣ ਰਿਹਾ ਹਾਂ।

ਇਨ੍ਹਾਂ ਤਿੰਨਾਂ ਵਿਚਕਾਰ,
ਆਪਣੇ ਆਪ ਨੂੰ,
ਪਾਟਣ ਤੋਂ ਬਚਾਉਂਦਾ,
ਆਪਾ ਭੁੱਲ ਗਿਆ ਹਾਂ।

ਘਰ ਪਰਵਾਰ ਤੇ ਚਾਰ-ਯਾਰੀ ਦੇ,
ਸ਼ੋਰ 'ਚ ਘਿਰਿਆ,
ਆਪਣੀ ਆਵਾਜ਼,
ਗੁਆ ਬੈਠਾ ਹਾਂ,
ਰੁਲ ਗਿਆ ਹਾਂ!!!



## ਮੁਹੱਬਤ : ਵਿਖੰਡਤ ਪ੍ਰਭਾਵ

ਮੁਹੱਬਤ,
'ਐਪ ਸਟੋਰ'[1] ਵਾਂਗ,
'ਹੀਰ', 'ਸੱਸੀ', 'ਸਾਹਿਬਾਂ',
'ਬੁੱਲ੍ਹਾ', 'ਨਾਨਕ', 'ਵਾਰਸ'
ਬਣਦੀ, ਬਣਦੀ,
ਲੋਕਯਾਨ ਦੀ ਪੋਥੀ ਵਾਂਗੂੰ,
ਖੁੱਲ੍ਹ ਜਾਂਦੀ ਹੈ!!!

ਇਸ਼ਕ ਹਕੀਕੀ, ਇਸ਼ਕ ਮਿਜਾਜ਼ੀ,
ਟੁੱਟ, ਤਿੜਕ ਕੇ, ਖਿੰਡ ਗਏ ਜਾਪਣ!!!

1. 'ਐਪ ਸਟੋਰ' – 'App Store': ਕੰਪਿਊਟਰ ਐਪਲੀਕੇਸ਼ਨਜ਼ ਦਾ ਸਟੋਰ

## ਬਿਨ-ਰੁੱਤਾ ਜੀਵਨ

ਸੂਰਜ ਜਪਦੇ ਜਪਦੇ ਟੁਰ ਗਏ,
ਰੁੱਖਾਂ ਦੇ ਪਰਛਾਵੇਂ।
ਰੁੱਤ ਪੱਤਝੜ ਦੀ ਰੁੱਖਾਂ ਉੱਤੇ,
ਪੱਤਰ ਟਾਵੇਂ ਟਾਵੇਂ।

ਅੰਬਰ ਆਪਣੇ ਭੇਦ ਸਮੇਟੀ,
ਹੱਸਦਾ ਧਰਤੀ ਉੱਤੇ।
ਬਰਫਾਂ ਵਿਚ ਬਦਲ ਦੀ ਬਰਖਾ,
ਬਰਫ ਰੁੱਖਾਂ ਦੀ ਛਾਵੇਂ।

ਅੰਦਰ ਠਰਦਾ? ਬਾਹਰ ਦਾ ਪਾਲਾ?
ਸਮਝ ਰਤਾ ਨਾ ਆਵੇ।
ਅੰਦਰੇ ਅੰਦਰ ਛਾਂਗਣ ਰੁੱਤਾਂ,
ਰੁੱਖ ਸਾਡੇ ਘਣ ਛਾਵੇਂ।

ਅੰਦਰ ਬਾਹਰ ਇਕ ਖਲਾਅ ਹੈ,
ਅੱਖਾਂ ਨੇ ਪਥਰਾਈਆਂ।



ਮੀਤ ਗੁਆ ਕੇ ਭਟਕੀਏ ਜੀਕੂੰ,
'ਨ੍ਹੇਰੇ ਵਿਚ ਪਰਛਾਵੇਂ।

ਸਾਡੇ ਦਰ ਉਡੀਕਾਂ ਉੱਗਣ,
ਉੱਡ ਗਈਆਂ ਸੱਤ-ਰੰਗੀਆਂ।

ਬਿਨ-ਰੁੱਤੇ ਅਸੀਂ ਬੀਤੀ ਜਾਈਏ,
ਸਿਫਰ ਵਿਛੇ ਹਰ ਥਾਵੇਂ।

ਸੂਰਜ ਜਪਦੇ ਜਪਦੇ ਟੁਰ ਗਏ,
ਰੁੱਖਾਂ ਦੇ ਪਰਛਾਵੇਂ।
ਰੁੱਤ ਪਤਝੜ ਦੀ ਰੁੱਖਾਂ ਉੱਤੇ,
ਪੱਤਰ ਟਾਵੇਂ ਟਾਵੇਂ।

## ਬ੍ਰਹਮੰਡ ਤੋਂ ਪਿੰਡ

ਬੂਹਾ ਭੀੜ ਕੇ ਤੁਰ ਗਏ ਸਭੇ
ਸਜਣ, ਮੀਤ, ਪਿਆਰੇ।
ਬ੍ਰਹਮੰਡ ਤੋਂ ਅਸੀਂ ਪਿੰਡ ਬਣ ਗਏ,
ਪਿੰਡ ਦੇ ਅਜਬ ਨਜ਼ਾਰੇ।

ਤਾਕੀਆਂ ਅਤੇ ਝਰੋਖੇ ਆਪਣੇ,
ਆਪਣੀਆਂ ਹੀ ਦੀਵਾਰਾਂ।
ਖੁਦ ਵਿਚ ਤੁਰਨਾ, ਖੁਦ ਤਕ ਤੁਰਨਾ -
ਆਪਣੀਆਂ ਜਿਤਾਂ, ਹਾਰਾਂ।
ਆਪਣਾ ਸ਼ੀਸ਼ਾ, ਆਪਣੀ ਚੌਖਟ,
ਆਪਣੇ ਸਗਲ ਦੀਦਾਰੇ।

ਸੁਬਹ ਸਵੇਰੇ ਪੰਛੀ ਆਵੇ,
ਗਾਵੇ ਤੇ ਉੱਡ ਜਾਵੇ।
ਸੱਚ ਕਲਪਨਾ ਬਣ ਜਾਂਦਾ ਹੈ,
ਸਭ ਆਕਾਸ਼ ਵਿਖਾਵੇ।
ਆਪਣੇ ਮੂੰਹ ਵਿਚ ਆਪਣੀ ਵਾਣੀ,
ਆਪਣੇ ਚੰਦ ਸਿਤਾਰੇ।



ਆਪਣਾ ਰੰਗ ਤੇ ਰੰਗਤ ਆਪਣੀ,
ਆਪਣੀਆਂ ਸੱਤ-ਰੰਗੀਆਂ।
ਗੱਲਾਂ ਕਰਦੀਆਂ ਸਭ ਤਸਵੀਰਾਂ,
ਦੀਵਾਰਾਂ ‘ਤੇ ਟੰਗੀਆਂ।
ਪੈਰਾਂ ਹੇਠਾਂ ਰੋਜ਼ ਵਿਛਾਈ ਏ,
ਆਪਣੇ ਹੀ ਅੰਗਿਆਰੇ।

ਸ਼ਬਦਾਂ ਦੇ ਅਸੀਂ ਬੁੱਤ ਬਣਾਈਏ,
ਗੱਲਾਂ ਕਰੀਏ ਰੱਜ ਕੇ।
ਪੁਰਜ਼ਾ, ਪੁਰਜ਼ਾ ਅਰਥ ਅਸਾਡੇ,
ਟੁਕੜੀਆਂ ਵਿਚ ਭੱਜ ਕੇ[1]।
ਆਪਣੇ ਪੈਰਾਂ ਹੇਠਾਂ ਮਿਧੀਏ,
ਨੂਰ, ਧੁੰਦ, ਅੰਧਿਆਰੇ।

ਬੂਹਾ ਭੀੜ ਕੇ ਤੁਰ ਗਏ ਸਭੇ
ਸਜਣ, ਮੀਤ, ਪਿਆਰੇ।
ਬ੍ਰਹਮੰਡ ਤੋਂ ਅਸੀਂ ਪਿੰਡ ਬਣ ਗਏ,
ਪਿੰਡ ਦੇ ਅਜਬ ਨਜ਼ਾਰੇ।

1. ਭੱਜ ਕੇ - ਟੁੱਟ ਕੇ

## ਅਗੇਤੀ ਪਤਝੜ

*- ਵਿਛੜੇ ਸਮਕਾਲੀ ਸਾਹਿਤਕਾਰਾਂ ਦੇ ਨਾਂ -*

ਸਮਿਓਂ ਪਹਿਲਾਂ ਛਿੜ ਗਏ ਮੇਲੇ,
ਕਈ ਮੁਹਬਤੀ ਯਾਰਾਂ ਦੇ।
ਪਤਝੜ ਆਈ ਅਗੇਤੀ, ਉਡੇ
ਰੰਗ ਸਭ ਇਨ੍ਹਾਂ ਬਹਾਰਾਂ ਦੇ।

ਬਚਪਨ ਅਤੇ ਜਵਾਨੀ ਦੇ ਦਿਨ,
ਕਿੰਨੀਂ ਛੇਤੀ ਬੀਤ ਗਏ!
ਆਪਣੇ ਤਨ ਵਿਚ, ਵਾਂਗ ਖਲਾਅ ਦੇ,
ਕੱਲੇ ਹਾਂ ਕਿੰਜ ਬੀਤ ਰਹੇ?
ਬਿਜਲੀ, ਨੂਰ ਗੁਆਚ ਗਏ ਨੇ,
ਇਨ੍ਹਾਂ ਲਮਕਦੀਆਂ ਤਾਰਾਂ[1] ਦੇ।

1. ਲਮਕਦੀਆਂ ਤਾਰਾਂ - ਲਮਕਦੀ ਜ਼ਿੰਦਗੀ



ਇਸ਼ਕ ਤੇਰੇ ਵੀ, ਨਾਲ ਤੇ ਰੇਹੀ,
ਜੀਕੂੰ ਪਿੱਠ ਭੁਆਈਏ।
ਨਾ ਬੱਤੀ ਨਾਂ ਤੇਲ ਦੀਪ ਵਿਚ,
ਸੋਕੇ ਦੀ ਰੁੱਤ ਆਈਏ।
ਨਜ਼ਰਾਂ ਦੇ ਵਿਚ ਥਲ ਦਾ ਰੇਤਾ,
ਬਣੇ ਵਰੋਲੇ ਯਾਰਾਂ ਦੇ।

ਨਦੀਆਂ ਵਿੱਚੋਂ ਨਦੀਆਂ ਗ਼ਾਇਬ,
ਚਸ਼ਮਿਆਂ ਅੰਦਰ ਹੈ ਵੀਰਾਨੀ।
'ਸਿਖਰ' ਤੇ 'ਮੱਧ' ਗੁਆ ਕੇ ਆਪਣਾ,
'ਮੈਂ' ਵਿਚ ਰੁਕੀ ਕਹਾਣੀ।
ਬੂਹੇ, ਬਾਰੀਆਂ ਬੰਦ ਹੋ ਗਏ,
ਘਰ ਦੀਆਂ ਸਭ ਦੀਵਾਰਾਂ ਦੇ!!!

## ਸੜ ਬਲੇ ਬਲਾਤਕਾਰੀ

ਸੋਚ ਦੀ ਕਿਰਿਆ ‘ਚ ਹੁੰਦੇ,
ਹੱਥ ਵੀ ਹੱਥਿਆਰ ਵੀ।
ਸੋਚ ‘ਚੋਂ ਹੀ ਜਨਮ ਲੈਂਦੇ,
ਅੱਗ ਵੀ ਅੰਗਿਆਰ ਵੀ।

ਬੇਬਸੀ, ਕਮਜ਼ੋਰੀਆਂ ਦੀ
ਤਹਿ ‘ਚ ਸੁਫਨੇ ਬਾਲੀਏ।
ਤੋੜੀਏ ਜੰਦਰੇ ਤੇ ਦਰ,
ਤੋੜੀਏ ਦੀਵਾਰ ਵੀ।

ਨਜ਼ਰ ਨੂੰ ਚੁੱਕੋ ਉਤਾਂਹ,
ਏਸ ਵਿਚ ਹੀ ਪਿੰਡ, ਬ੍ਰਹਿਮੰਡ।
ਏਸ ਵਿਚ ਅਸਮਾਨ ਵੀ,
ਫੁੱਲ, ਮਹਿਕ, ਬਹਾਰ ਵੀ।

ਬਣ ਜਾਏ ਬੇਹਿੰਮਤੀ ਜੇ
ਹੱਥਕੜੀ ਤੇ ਬੇੜੀਆਂ,
ਚਿੰਤਨ ਹੀ ਬਣਦਾ ਅਮਲ,
ਹੁੰਦੇ ਪੰਧ, ਸਰ, ਦੁਸ਼ਵਾਰ ਵੀ।



ਨਜ਼ਰ ‘ਚੋਂ ਬਿਜਲੀ ਗਿਰੇ, ਤੇ
ਸੜ ਬਲੇ ਬਲਾਤਕਾਰੀ।

ਚੂੜੀਆਂ ਦੇ ਕੱਚ ‘ਚ ਸੱਚ ਹੈ,
ਪਿਆਰ ਦਾ ਇਜ਼ਹਾਰ ਵੀ।

## **ਨਿਹੋਂਦ ਦਾ ਮੌਸਮ

ਇਸ ਸਿਫਰੇ ਦੇ ਦੋਹੀਂ ਪਾਸੀਂ,
ਦਸ਼ਮਲਵ ਲੱਗ ਗਏ ਨੇ!

ਦਸ਼ਮਲਵਾਂ 'ਚੋਂ ਲਗਾਤਾਰ,
ਅੱਜ ਕੱਲ੍ਹ –
ਇਸ ਸਿਫਰੇ ਦੇ ਦੋਹੀਂ ਪਾਸੀਂ –
ਸਿਫਰੇ ਜਨਮ ਰਹੇ ਨੇ।

ਸਭ ਹਿੰਦਸੇ, ਸਭ ਸ਼ਬਦ,
ਅਰਥ ਅਤੇ ਅੰਕ,
ਸੁਪਨ ਵੀ,
ਇਸ ਸਿਫਰੇ ਵਿਚ ਡਿਗ, ਸਿਮਟ,
ਸ਼ੂਨਯ ਹੋ, ਖੜੋ ਰਹੇ ਨੇ।

**ਨਿਹੋਂਦ ਦਾ ਮੌਸਮ – Season of Nothingness



'ਹੋਣ'[1], 'ਹੋਣ' ਕਰਦੀ 'ਹੋਂਦ'[2] ਦੇ,
ਬਚੇ ਹੋਏ ਪਲ, ਛਿਣ,
ਕਾਲ ਤੋਂ ਆਜ਼ਾਦ ਹੋ ਰਹੇਨੇ।

ਇਹ ਮੇਰੀ,
ਹਰ ਬੀਜ ਦੀ ਵਿਥਿਆ ਹੈ।

ਡਿਗ ਰਹੀ ਦੇਹ ਅੰਦਰ,
ਡੁੱਬ ਰਹੀ ਚੇਤਨਾ ਵਿਚ,
'ਨਿਹੋਂਦ'[3] ਦਾ ਮੌਸਮ ਹੈ!!!

1. ਹੋਣ – Becoming, 2. ਹੋਂਦ – Being, Existence, 3. ਨਿਹੋਂਦ – Nothingness

## ਸੂਰਜ ਸਨਮੁਖ ਸੂਰਜ

ਪੋਤੀ ਵਲ ਵੇਖਦਾ,
ਸੋਚ ਰਿਹਾ ਹਾਂ:

ਜ਼ਿੰਦਗੀ ਕਿੰਨੀ ਛੇਤੀ ਬੀਤਦੀ
ਤੇ ਮੁੜ ਜਵਾਨ ਹੋ ਜਾਂਦੀ ਹੈ!

ਸਮੇਂ ਦੀ ਨਿਰੰਤਰਤਾ ਦਾ
ਇਹ, ਉਹ ਛਿਣ ਹੈ,
ਜਦੋਂ ਲਹਿੰਦਾ ਤੇ ਚੜ੍ਹਦਾ ਸੂਰਜ,
ਇਕ ਦੂਜੇ ਦੇ ਸਨਮੁਖ ਬੈਠਦੇ ਹਨ!

ਇਕ ਦੂਜੇ ਦੀਆਂ ਅੱਖਾਂ ਵਿਚ ਵੇਖਦੇ ਹਨ,
'ਆਦਿ ਸੱਚ', 'ਜੁਗਾਦਿ ਸੱਚ' ਨਿਹਾਰਦੇ ਹਨ!

ਆਪੇ 'ਚੋਂ ਆਪਾ ਭਾਲਦੇ,
ਆਪੇ ਤੋਂ ਆਪਾ ਵਾਰਦੇ ਹਨ।

ਪੋਤੀ ਵਲ ਵੇਖਦਾ,
ਸੋਚ ਰਿਹਾ ਹਾਂ!!!



## ਸੁੱਤੀ ਅੱਖ

ਸੁੱਤੀ ਅੱਖ ਵਿਚ ਜਾਗ ਰਹੇ ਹਾਂ,
ਕਿੰਨਾ ਸ਼ੋਰ ਹੈ ਆਪਣੇ ਅੰਦਰ!!!

ਅੱਖਰ, ਅੱਖਰ ਸ਼ਬਦ ਕਿਰ ਰਹੇ,
ਨਾਲ ਕਿਰ ਰਹੇ ਅਰਥ ਵੀ ਆਪਣੇ।

ਰਸਤੇ ਬਣੇ ਚੁਰਸਤਾ, ਵਿਛ ਗਏ।

ਮੁੰਦਿਆਂ ਦੀ ਇਕ ਕਾਰ ਵਲੀ ਹੈ।
ਆਪ ਅਤੇ ਅਨਾਪ ਦੀ ਟਕਰ,
ਸਿਖਰ ਦੁਪਹਿਰੇ, ਕਿਵੇਂ ਢਲੀ ਹੈ!

ਸ਼ੋਰ ਦੇ ਬਿੰਦੂ,
ਸ਼ੋਰ ਦੇ ਦਾਇਰੇ,
ਸ਼ੋਰ ਦੀਆਂ ਲੀਕਾਂ ਵਿਚ ਘਿਰ ਕੇ,
ਜ਼ਿੰਦਗੀ, ਚਿੰਤਨ ਵਿਚ ਖੜ੍ਹੀ ਹੈ।

ਬੰਦ ਅੱਖਾਂ ਵਿਚ,
ਪਿੰਡ ਬ੍ਰਹਮੰਡ ਹੈ।

ਬੰਦ ਅੱਖਾਂ ਵਿਚ ਹਰ ਛਿਣ ਆਪਣਾ।

ਬੰਦ ਅੱਖਾਂ ਵਿਚ ਸਗਲ ਸਬੂਤਾ
ਆਪਣਾਪਨ ਵੀ,
ਕਿਵੇਂ ਵਿਭਾਜਤ ਤੇ ਖੰਡ, ਖੰਡ ਹੈ!

ਖੰਡ, ਖੰਡ ਹੀ, ਖੰਡ, ਖੰਡ ਨੂੰ ਘੂਰੇ,
ਆਪਣੇ ਖੱਪੇ ਖਾਈਆਂ ਪੂਰੇ।

ਚੁੱਪ ਦਾ ਸ਼ੋਰ ਹੈ ਚਾਰ ਚੁਫੇਰੇ।
ਆਪੇ ਨੂੰ ਆਪੇ ਦੇ ਘੇਰੇ।
ਸੁੱਤੀਆਂ ਅੱਖਾਂ ਸੁੱਤੇ ਜੇਰੇ!!!

ਹੁਣ ਨਾ ਦਿਨ ਤੇ ਰਾਤ ਨਹੀਂ ਹੈ।
ਸੁੱਤੀ ਅੱਖ ਵਿਚ ਆਪਣਾ ਸੂਰਜ,
ਸੂਰਜ ਦੀ ਲੋਅ ਜਾਗ ਰਹੀ ਹੈ।

ਸੂਰਜ ਚੜ੍ਹੇ, ਨਾ ਸੂਰਜ ਲੱਥੇ!

ਇਕ ਨਿਰੰਤਰ ਚਾਨਣ ਜਗਦਾ,
ਇਸ ਦੇ ਮੱਥੇ,
ਸਾਡੇ ਮੱਥੇ!!!

ਸੁੱਤੀ ਅੱਖ ਵਿਚ ਜਾਗ ਰਹੇ ਹਾਂ ...



## ਉਦਾਸੀ

ਧੁੱਪ ਹੈ,
ਮਹਿਸੂਸ ਨਹੀਂ ਹੁੰਦੀ!
ਸੂਰਜ ਹੈ,
ਨਜ਼ਰ ਨਹੀਂ ਆਉਂਦਾ!

ਹਵਾ ਵੀ ਸ਼ਾਇਦ,
ਮੇਰੇ ਕੋਲੋਂ ਦੀ,
ਮੈਨੂੰ ਛੋਹੇ ਬਿਨਾਂ,
ਗੁਜ਼ਰ ਜਾਂਦੀ ਹੈ!

ਫੁਲਾਂ ਦੇ ਰੰਗ ਨਹੀਂ ਦਿਸਦੇ,
ਮਹਿਕ ਕਿਉਂ ਨਹੀਂ ਆਉਂਦੀ?

ਜਾਂ ਫਿਰ
ਰੁੱਤਾਂ ਹੀ ਬੇ-ਰੁੱਤੀਆਂ ਹਨ???

ਮੈਂ ਬਹੁਤ ਉਦਾਸ ਹਾਂ!!!

ਇਨ੍ਹਾਂ ਦ੍ਰਿਸ਼ਾਂ ਨੂੰ ਅਰਥ ਦੇਣ,
ਪ੍ਰਿਤਮਾਂ,
ਤੂੰ ਕਦੋਂ ਆਵੇਂਗੀ???



## ਮਛਲੀ, ਇੱਛਾ ਤੇ ਸੂਰਜ : ਇਕ ਪ੍ਰਭਾਵ-ਸਕੇਪ

ਇਕ ਮਛਲੀ,
ਪਾਣੀ 'ਚੋਂ ਉਛਲੀ,
ਪਾਣੀ ਤੋਂ,
ਜੁਦਾ ਹੋ ਗਈ!

ਇਕ ਇੱਛਾ,
ਵੇਖਦਿਆਂ, ਵੇਖਦਿਆਂ,
ਹਵਾ 'ਚ,
ਹਵਾ ਹੋ ਗਈ!!

ਸੂਰਜ ਥਿਰ,
ਵੇਖ ਰਿਹਾ:
ਅਸਥਿਰ ਜੀਵਨ ਦੇ ਨਜ਼ਾਰੇ!!!

## ਰਿਸ਼ਤੇ : ਤਿੰਨ ਪ੍ਰਭਾਵ

**1**
ਬਾਰ ਬਾਰ ਇਕ ਤਿਤਲੀ ਆਵੇ,
ਫੁਲਾਂ 'ਤੇ ਬਹਿ ਜਾਵੇ!
ਜੋ ਹੱਥ ਲੱਗੇ, ਲੈ ਕੇ ਉੱਡੇ,
ਨੇਹੁੰ ਨਾਂ ਕਿਤੇ ਲਗਾਵੇ!!!

**2**
ਗਿੱਲਾ ਗਾਰਾ ਲੈ ਕੇ ਉੱਡੇ,
ਇਕ ਘਰੀਣੀ,
ਘਰ-ਸੰਸਾਰ ਵਸਾਵੇ!
ਘਰ ਦੇ ਮੋਹ ਵਿਚ ਬੱਝੇ,
ਤੇ ਉਹ
ਘਰ ਦੀ ਹੀ ਹੋ ਜਾਵੇ!!!



**3**
ਨਵੇਂ ਯੁੱਗ ਦੇ ਯੁਵਕ ਤੇ ਯੁਵਤੀ,
ਸਿਖਰ-ਸੰਤੋਖ[1] ਰਚਾਵਣ!
ਘਰ ਨਾਂ, ਨਾਂ ਘਰੀਣੀ ਵੇਖਣ,
ਤਿਤਲੀਆਂ ਬਣ ਉੱਡ ਜਾਵਣ!!!

1. ਸਿਖਰ-ਸੰਤੋਖ - Orgasm

## ਰਾਤ ਜੀ ਰਹੇ ਲੋਕ

ਸੂਰਜ ਚੜ੍ਹਨ ਦੀ ਉਡੀਕ ਵਿਚ,
ਜੁਗਨੂੰ ਸਾਰੀ ਰਾਤ ਜਗਿਆ –
ਥੱਕਿਆ, ਅੱਕਿਆ,
ਡਿਗ ਪਿਆ ਹੈ।

ਉਮਰ ਦੀ ਲੰਮੀਂ ਰਾਤ ਵਿਚ,
ਹੋਂਦ ਦੇ ਮੰਤਵ ਦਾ,
ਇਕ ਹੋਰ ਉਛਾੜ,
ਚੁੱਪ ਚੁਪੀਤੇ,
ਸੱਪ ਦੀ ਕੁੰਜ ਵਾਂਗ,
ਲੱਥ ਗਿਆ ਹੈ!

ਉਮਰ ਬੀਤ ਚੱਲੀ ਹੈ,
ਇਨ੍ਹਾਂ ਜੁਗਨੂੰਆਂ ਦੀਆਂ ਲਾਸ਼ਾਂ ਨੂੰ,
ਆਪਣੇ ਅੰਦਰ ਬਾਹਰ ਵੇਖਦਿਆਂ,
ਪਛਾਣਦਿਆਂ!!!

ਸੂਰਜ ਕਦੋਂ ਚੜ੍ਹੇਗਾ???



## ਨਾਂਹ ਦਾ ਨਾਂਹਕਰਨ

ਏਸ ਘਰ ਵਿਚ,
ਹਿੰਸਾ ਤੇ ਕਾਮ ਵਿਖਾਉਣ ਵਾਲੇ,
ਟੀ.ਵੀ.[1] ਦੇ ਸਭ ਚੈਨਲ[2],
ਬਲਾਕ[3] ਕਰ ਦਿਤੇ ਗਏ ਹਨ।

ਬੱਚੇ ਟੀ.ਵੀ. ਵਲ ਪਿੱਠ ਭੁਆ ਕੇ,
ਸੈਲ ਫੋਨ[4] ... ਤੇ ਜਾਂ
ਕੰਪਿਊਟਰ ਚਲਾ ਲੈਂਦੇ ਹਨ।

ਵੀਡੀਓ ਖੇਡਾਂ[5], ਫਿਲਮਾਂ
ਤੇ ਐਸੇ ਹੀ ਹੋਰ ਫੀਚਰ[6],

---

1. ਟੀ.ਵੀ. – ਟੈਲੀਵੀਯਨ : Television, 2. ਚੈਨਲ – Channel, 3. ਬਲਾਕ – Block,
4. ਸੈਲ ਫੋਨ – ਸੈਲੂਲਰ ਜਾਂ ਮੋਬਾਈਲ ਫੋਨ : Cellular or Mobile/Smart Phone,
5. ਵੀਡੀਓ ਖੇਡਾਂ – Video Gamesm 6.ਫੀਚਰ – Feature

ਡਾਊਨਲੋਡ[1] ਕਰਕੇ,
ਦੁਨੀਆਂ ਦੀ ਸਾਰੀ ਹਿੰਸਾ,
ਡਰਗਜ਼[2], ਕਾਮ ਤੇ ਸੰਭੋਗ ਦੇ ਨਗਨ ਦ੍ਰਿਸ਼,
ਆਪਣੇ ਕੋਲ ਬੁਲਾ ਲੈਂਦੇ ਹਨ!!!

'ਨਾਂਹ'[3] ਦਾ, 'ਨਾਂਹਕਰਨ' ਕਰਕੇ,
ਆਪਣਾ ਦਿਨ ਚੜ੍ਹਾ ਲੈਂਦੇ ਹਨ!!!

---

1. ਡਾਊਨਲੋਡ – Downloadm 2. ਡਰਗਜ਼ – Drugs : ਨਸ਼ੀਲੇ ਪਦਾਰਥ, 3. 'ਨਾਂਹ ਦਾ ਨਾਂਹਕਰਨ' – B



## ਉਡੀਕ

ਸਵੇਰ ਤੋਂ ਕੋਈ ਨਹੀਂ ਆਇਆ!

ਪੰਛੀ ਆਇਆ ਸੀ –

ਟਹਿਣਾਂ ਵਿਚ ਖਲਬਲੀ,
ਫੁਲਾਂ ਵਿਚ ਹਲਚਲ,
ਮਹਿਕ,
ਸਾਹਾਂ ਵਿਚ,
ਹਵਾ ਵਿਚ –

ਜ਼ਿੰਦਗੀ,
ਹੁਣੇ, ਹੁਣੇ ਆਈ ਸੀ,
ਹੁਣੇ, ਹੁਣੇ ਗਈ ਹੈ!!!

ਨਜ਼ਰ
ਅਜੇ ਵੀ,
ਖੁੱਲ੍ਹੇ ਦਰਾਂ ਦੇ ਵਲ ਵੇਖਦੀ।

ਸਵੇਰ ਤੋਂ ਕੋਈ ਨਹੀਂ ਆਇਆ!!!

## ਮੁਕੰਮਲ ਮੈਂ

ਮੇਰੇ ਸਿਰ ‘ਤੇ,
ਹੋਰ ਬੋਝ ਨਾ ਪਾ।
ਮੈਂ ਸਾਰੇ ਰਸਤੇ ਵੇਖ ਲਏ ਹਨ।

ਕੋਈ ਰਸਤਾ ਵੀ,
‘ਮੁਕੰਲਮ ਮੈਂ’ ਤਕ ਨਹੀਂ ਜਾਂਦਾ।

ਚਸ਼ਮਾਂ ਤਾਂ,
ਪਰਬਤ ਵਿਚ ਦੱਬੇ ਪਾਣੀ ਦੀ,
ਕਾਲ-ਯੁਕਤ ਇੱਛਾ ਹੈ।

ਬਦਲ, ਪਾਣੀ ਦਾ,
ਸਾਗਰ, ਨਦੀਆਂ ਤੋਂ ਅਕੇਵਾਂ ਹੈ।

ਧਰਮ, ਦਰਸ਼ਨ ਤੇ ਵਿਗਿਆਨ,
ਵਾਦ, ਵਿਵਾਦ ਅਤੇ ਗਿਆਨ,
ਸਦਾ ਅਪੂਰੇ ਰਹਿਣ ਦੀ,
ਅਵਸਥਾ ‘ਚ ਵਿਚਰਦੇ ਹਨ।



‘ਮੈਂ’, ਅਧੂਰੀ ਨਹੀਂ,
‘ਮੁਕੰਮਲ’ ਹੋਣਾ ਲੋਚਦੀ ਹੈ।
ਮੇਰੇ ਸਿਰ ‘ਤੇ ਹੋਰ ਬੋਝ ਨਾ ਪਾ,
ਮੈਂ ਸਾਰੇ ਰਸਤੇ ਵੇਖ ਲਏ ਹਨ!!!

## 'ਮੈਂ-ਕੈਦ'

'ਬਾਹਰ' ਨੂੰ, ਆਪਣੇ ਰੰਗ, ਰੰਗਣ
ਦੀ ਅਸੀਂ ਰੱਟ ਲਗਾਈ।
'ਬਾਹਰ' ਨੇ ਹੀ ਕਰ ਦਿੱਤੀ ਹੈ,
ਅੰਦਰ ਦੀ ਰੁਸਵਾਈ।

ਅੰਦਰ ਸ਼ੀਸ਼ੇ ਤਿੜਕੇ ਹੋਏ,
ਤੇੜ, ਤੇੜ ਹਰ ਚਿਹਰਾ।
ਦ੍ਰਿਸ਼, ਦ੍ਰਿਸ਼ਟੀ ਸਭ ਪਾਟੇ ਹੋਏ,
ਸਾਲਮ ਬਚਿਆ ਕਿਹੜਾ?

ਆਪਣੇ ਸ਼ੋਰ 'ਚ ਡੁੱਬ ਗਈ ਜਾਪੇ,
ਆਪਣੀ ਚੁੱਪ ਦੀ ਭਾਸ਼ਾ।
"ਮੈਂ", "ਮੈਂ" ਕਰਦੇ ਵੇਖ ਰਹੇ ਹਾਂ:
"ਮੈਂ" ਦਾ 'ਸਗਲ ਤਮਾਸ਼ਾ'।

ਬੰਦ ਕਮਰੇ ਵਿਚ, ਬੰਦ ਦਰਵਾਜ਼ਾ,
ਬੰਦ ਖਿੜਕੀ, ਵਿਚ ਕੰਧਾਂ।
ਆਪਣੇ ਅੰਦਰ, ਆਪੇ ਬੰਦੀ,
ਨਜ਼ਰ ਭੁਆਈ ਪੰਧਾਂ!!!



## ਯੁੱਗ-ਕਲਾ

ਆਪਣੇ ਅੰਦਰ,
ਤੁਰੀਏ, ਤਕੀਏ,
ਪਹੁੰਚ ਨਾ ਕਿਧਰੇ ਹੋਵੇ!

ਬਾਹਰ ਦਾ 'ਨ੍ਹੇਰਾ ਤੇ ਚਾਨਣ,
ਛਿਣ, ਛਿਣ ਇਹ ਜਿੰਦ ਢੋਵੇ।

ਪਰਬਤ ਬਣਾਂ? ਕਿ ਅੰਬਰੀਂ ਵਸਾਂ?
ਜਾਂ ਸਾਗਰ, ਦਰਿਆ ਹੋਵਾਂ?

ਸੂਰਜ, ਚੰਦ, ਸਿਤਾਰੇ ਤੱਕਦਾ,
ਆਪਣੇ ਅੰਦਰ ਆਣ ਖਲੋਵਾਂ੧

ਬਿੰਬ, ਬਿੰਬ ਕਰਕੇ,
ਆਪਣੇ ਕੋਲੋਂ,
ਮੁਕਤ ਹੋਵਣਾ ਸੋਚਾਂ।

ਯੁੱਗ, ਯੁੱਗ ਕਰਕੇ,
ਯੁੱਗ-ਕਲਾ ਦੀ,
ਹੋਂਦ ਭੋਗਣੀ ਲੋਚਾਂ!!!



## ਸ਼ਬਦ-1

ਮਾਨਵ ਨੇ,
ਸ਼ਬਦ ਦੀ ਕਾਢ ਕੱਢੀ।
ਸਾਰਾ ਪਿੰਡ ਬ੍ਰਹਮੰਡ,
ਉਸ ਵਿਚ ਬਿਠਾ ਦਿੱਤਾ।

'ਰੱਬ' ਨੂੰ 'ਰੱਬ',
'ਸ੍ਰਿਸ਼ਟੀ' ਨੂੰ,
'ਸ੍ਰਿਸ਼ਟੀ' ਬਣਾ ਦਿੱਤਾ।

ਸੂਖਮ ਗਿਆਨ
ਤੇ ਉਸ ਦੇ ਵਿਕਾਸ ਨੂੰ,
ਸ਼ਬਦਾਂ ਦੇ ਰਾਹ ਪਾ ਦਿੱਤਾ।

ਸ਼ਬਦ,
ਸਿਰਜਕ ਹੈ।

ਸ਼ਬਦ,
ਵਿਕਾਸ ਹੀ ਨਹੀਂ,
ਵਿਨਾਸ਼ ਵੀ ਸਿਰਜਦਾ ਹੈ!!!

## ਸ਼ਬਦ–2

'ਮਾਨਵ', 'ਦਾਨਵ',
'ਸੁਰ', 'ਅਸੁਰ',
'ਹਿਟਲਰ', 'ਬੁਧ',
'ਗਾਂਧੀ', 'ਕਿੰਗ'[1] –
ਸ਼ਬਦ ਦੇ ਅਨੇਕ ਰੂਪ,
ਰੂਪ ਦਾ ਵਿਸਥਾਰ ਹਨ।

ਜੇ ਦ੍ਰਿਸ਼ਟੀ ਹੋਵੇ,
ਤਾਂ ਇਹ ਸ਼ਬਦ,
ਫੈਲ ਕੇ –
ਸਘਨ, ਬਹੁ–ਸਤਰੇ[2],
ਲੰਮੇਂ, ਚੌੜੇ,
ਬਹੁ–ਦਿਸ਼ਾਵੀ,
ਵਿਖਿਆਨ ਬਣ ਜਾਂਦੇ ਹਨ।

---

1. ਕਿੰਗ – Martin Luther King Junior, 2. ਬਹੁ–ਪਰਤੀ – Multi-layered



ਸੂਖਮ ਤੇ ਸਥੂਲ,
ਗਿਆਨ ਬਣ ਜਾਂਦੇ ਹਨ।

ਸ਼ਬਦ: ਕਰਤਾ ਹੈ!
ਸ਼ਬਦ: ਕਰਮ ਹੈ!!
ਕਰਮ ਦਾ ਪ੍ਰਕਾਸ਼ ਵੀ,
ਰਚਨਾਂ ਤੇ ਵਿਨਾਸ਼ ਵੀ!!!

## ਵਗਦੇ ਦਰਿਆ

ਜਦ ਤਕ ਹੈ ਇਹ ਜੀਵਨ ਸਾਡਾ,
ਸੁਖ-ਸੁਨੇਹਾ ਆਏਗਾ।
ਦਰਿਆਵਾਂ ਨੂੰ ਤੱਕਦੇ ਰਹਿਣਾ,
ਚੇਤਾ ਸਾਡਾ ਆਏਗਾ।

ਜ਼ਿੰਦਗੀ ਇਕ ਵਗਦਾ ਦਰਿਆ ਹੈ,
ਪੈਂਡੇ ਇਸ ਦੇ ਬਿਖੜੇ।
ਸਾਗਰ ਵਲ ਵਹੀਰਾਂ ਘਤੇ,
ਪਰਬਤ ਨਾਲੋਂ ਵਿਛੜੇ।
ਰਾਹਾਂ ਦੇ ਵਿਚ ਆਪਾ ਵੰਡ ਦਾ,
ਸਭ ਦੇ ਸੁਪਨ ਖਿੜਾਏਗਾ।

ਬੱਦਲਾਂ ਦੇ ਵਿਚ ਛੱਲਾਂ ਮਾਰੇ,
ਦਰਿਆਵਾਂ ਦਾ ਪਾਣੀ।
ਪ੍ਰਕਿਰਤੀ ਵਿਚ ਇਸਦੀ ਵਿਥਿਆ,
ਸੂਰਜ ਜੇਡ ਕਹਾਣੀ।
ਧਰਤੀ ਦੇ ਵਿਚ ਰਚ, ਰਚ ਕੇ, ਇਹ
ਬਾਗ਼ ਬਾਗ਼ ਹੋ ਜਾਏਗਾ।



ਸੁਹਣੀਆਂ ਕੁੜੀਆਂ, ਹਾਣੀ ਮੁੰਡੇ,
ਅੱਖਾਂ ਵਿਚ ਸੱਤ-ਰੰਗੀਆਂ।
ਛੱਲਾਂ ਮਾਰ ਜਵਾਨੀਆਂ ਜੀਕੂੰ,
ਮਾਹੀ ਦੇ ਰੰਗ ਰੰਗੀਆਂ।
ਨਾਲ ਝਨਾਂ ਦੇ ਇਸ਼ਕ ਮੁਹਬਤ,
ਕਿੱਸੇ ਖ਼ੂਬ ਸੁਣਾਏਗਾ।

ਸਾਡੇ ਚੇਤੇ ਅੰਦਰ ਵੱਸੇ,
ਇਕ ਯੁਵਤੀ ਦਾ ਚਿਹਰਾ।
ਹਰ ਦਮ ਉਸਦੀ ਤਾਰ ਖੜਕਦੀ,
ਹਿਰਦੇ ਦੇ ਵਿਚ ਖੇੜਾ।
ਸ਼ਬਦਾਂ ਵਿਚ ਸਦ-ਉਮਰ ਇਸ਼ਕ ਦੀ,
ਕਾਵਿ-ਰੰਗ ਚੜ੍ਹ ਜਾਏਗਾ।

ਜਦ ਤਕ ਹੈ ਇਹ ਜੀਵਨ ਸਾਡਾ,
ਸੁੱਖ-ਸੁਨੇਹਾ ਆਏਗਾ।
ਦਰਿਆਵਾਂ ਨੂੰ ਤੱਕਦੇ ਰਹਿਣਾ,
ਚੇਤਾ ਸਾਡਾ ਆਏਗਾ।

## ਖਾਲੀ ਸਫਾ

ਦੁਨੀਆਂ ਸਰ ਹੋ ਗਈ?
ਜਾਂ ਮੈਂ ਹੀ,
ਹਥਿਆਰ ਸੁੱਟ ਦਿੱਤੇ ਹਨ??

ਜਾਂ ਫਿਰ, ਮੇਰੀ,
ਦੁਨੀਆਂ ਹੀ ਏਡੀ ਕੁ ਸੀ???

ਤੁਹਾਡੇ ਨਾਲ,
ਅੰਤਰਕਿਰਿਆ ਤੇ ਸੰਵਾਦ ਵਿਚ,
ਮੈਂ ਸਦਾ,
'ਮੈਂ' ਤੋਂ 'ਮੈਂ' ਤਕ ਤੁਰਦਾ ਰਿਹਾ ਹਾਂ।

ਖਾਲੀ ਸਫੇ 'ਤੇ,
ਅਦਿੱਖ,
ਸਭ ਕੁਝ ਉਲਝ ਗਿਆ ਹੈ!!



## **ਕਚਰਾ ਕਲਚਰ

ਹੁਣੇ ਹੁਣੇ ਜੁ ਕਚਰਾ ਸੁੱਟਿਆ ਸੀ,
ਉਸ ਵਿਚ ਮੈਂ ਵੀ ਸਾਂ।

ਮੇਰਾ ਕੂੜਾ ਕਰਕਟ,
ਮੇਰੇ ਨਾਲ ਨਾਲ ਤੁਰਦਾ ਹੈ!!!

ਕੁਝ ਸ਼ਬਦ ਦਿਲੋਂ ਬੋਲੀ ਦੇ ਹਨ,
ਕੁਝ ਲੋਕ-ਲਾਜ,
ਮੂੰਹ-ਵਿਖਾਵੇ ਲਈ।

ਮੇਰੀ ਬਣਾਵਟ,
ਮੇਰੇ ਸਹੀ ਅਰਥਾਂ ਤੋਂ,
ਛਿੱਲਾਂ ਵਾਂਗ ਲੱਥਦੀ ਰਹਿੰਦੀ ਹੈ।

ਮੇਰਾ ਗੰਦ, ਮੇਰਾ ਗਰਦਾ,
ਮੈਨੂੰ ਘੇਰੀ ਰੱਖਦਾ ਹੈ।

---

**ਕਚਰਾ ਕਲਚਰ – Garbage or Trash Culture

ਹੁਣ ਤਾਂ ਕਦੇ ਕਦੇ ਇੰਵ ਜਾਪਦਾ ਹੈ,
ਜਿਵੇਂ ਮੈਂ
ਕੂੜਾ, ਕਚਰਾ, ਮੈਲ ਤੇ ਧੂੜ ਹੀ,
ਜੀ ਰਿਹਾ ਹੋਵਾਂ।

ਮੇਰੇ ਸਹੀ ਸ਼ਬਦ,
ਮੇਰੇ ਸਹੀ ਅਰਥ,
ਮੈਨੂੰ ਮੂੰਹ ਚਿੜਾ ਰਹੇ ਹੋਣ।
ਆਰੰਭ ਤੋਂ ਪਹਿਲਾਂ ਹੀ,
ਮੈਨੂੰ, ਮੇਰਾ
ਅੰਤ ਵਿਖਾ ਰਹੇ ਹੋਣ।



## **ਮੁੱਖ-ਪੋਥੀ-ਪਰਵਾਰ

ਆਪੋ ਆਪਣੇ ਖੇਤਰ ਵਿਚ,
ਨਿੱਕੇ ਨਿੱਕੇ ਮਸੰਦ ਬਣ ਗਏ।
ਸੀਮਤ ਜਿਹੇ ਘੇਰੇ ਵਿਚ:
ਆਪੋ ਆਪਣਾ ਬ੍ਰਹਮੰਡ ਬਣ ਗਏ।

ਪਿਆਰ ਹੈ, ਸਤਿਕਾਰ ਹੈ।
'ਲਾਈਕ'[1], 'ਡਿਸਲਾਈਕ'[2] ਤੇ
ਖਾਮੋਸ਼-ਇਜ਼ਹਾਰ ਹੈ!
ਅਸੀਂ 'ਮੁਖ-ਪੋਥੀਏ',
ਸਾਡਾ ਪਰਵਾਰ ਹੈ!

ਸਭ ਨੂੰ ਨਿਹਾਰੀਏ,
ਆਪ ਨੂੰ ਵਿਚਾਰੀਏ,
ਸੱਤ ਰੰਗ ਪੀਂਘ ਵਿਚ,

---

**ਮੁੱਖ-ਪੋਥੀ-ਪਰਵਾਰ – Face Book Family
1. ਲਾਈਕ – Like, 2. ਡਿਸਲਾਈਕ – Dislike

ਅਨਿਕ ਰੰਗ ਸਾਡੇ ਵਿਚ –
ਚੜ੍ਹੀਏ ਤੇ ਚਾੜ੍ਹੀਏ।
ਘੇਰਿਆਂ ਨੂੰ ਤੋੜੀਏ,
ਜੁੜੀਏ ਤੇ ਜੋੜੀਏ।
ਸੁਸੀਮ ‘ਚ ਅਸੀਮ,
ਮੁੱਖ-ਪੋਥੀ-ਆਕਾਰ ਹੈ।
ਅਸੀਂ ‘ਮੁੱਖ-ਪੋਥੀਏ’,
ਸਾਡਾ ਪਰਵਾਰ ਹੈ!



## ਅੰਤਿਮ ਸਸਕਾਰ : ਇਕ ਪ੍ਰਭਾਵ-ਸਕੇਪ

ਹੁਣੇ, ਹੁਣੇ ਕਿਸੇ ਪਿਆਰੇ ਦਾ,
ਸਸਕਾਰ ਕਰਕੇ ਆਏ ਹਾਂ:
ਦੇਹ, ਅਗਨ-ਭੇਟ!!!

ਇਸ ਦੇਹ ਵਿਚ ਵੱਸਦੇ ਜੀਵਨ ਦਾ,
ਅੰਤਿਮ ਸਸਕਾਰ ਤਾਂ,
ਦੇਰ ਹੋਈ,
ਅੰਤਿਮ ਸਾਹ ਨਾਲ ਹੋ ਗਿਆ ਸੀ!!!

ਸ਼ਮਸ਼ਾਨ-ਘਾਟ ‘ਤੇ,
ਮੌਤ ਨੂੰ ਪ੍ਰਣਾਮ ਕਰਨ ਆਏ,
ਜੀਵਨ-ਮੇਲੇ ਦੇ ਇਸ ਨਾਟਕ ਦੀ,
ਝਾਕੀ ਤਾਂ ਬਦਲਦੀ ਹੈ,
ਅੰਤਿਮ ਪਰਦਾ ਕਦੇ ਨਹੀਂ ਡਿਗਦਾ!!!

## ਇਕ ਸੂਰਜ, ਦੋ ਮੌਸਮ

ਸਮੇਂ ਦੇ ਅੰਕਾਂ ਦੇ ਵਾਂਗ,
ਮਿੱਤ, ਮਹਿਬੂਬ ਮਿਲਦੇ ਰਹੇ।
ਸਮੇਂ ਸਿਰ ਵੱਜਦੇ ਰਹੇ,
ਸਮੇਂ ਸਿਰ ਕਿਰਦੇ ਰਹੇ।

ਕਿਰ ਚੁੱਕੇ ਹਿੰਦਸਿਆਂ ਦਾ,
ਢੇਰ ਲਗਾ ਇਸ ਤਰਫ।
ਆਉਣ ਵਾਲੇ ਵਿਚ ਸੂਈਆਂ,
ਫੇਰ ਵੀ ਗਿੜਦੇ ਰਹੇ।

ਆਪ ਨੂੰ ਸਮਝਣ ਦੇ ਵਿਚ, ਇਹ
ਉਮਰ ਸਾਰੀ ਬੀਤ ਚਲੀ।
ਆਪ ਨੂੰ ਸਮਝੇ ਅਨਾਪ,
ਆਪ ਨਾਲ ਭਿੜਦੇ ਰਹੇ।

ਚੁੱਪ ਕਰਕੇ ਬੀਤ ਜਾਈਏ,
ਆਪ ਦਾ ਹੀ ਸ਼ੋਰ ਹੈ।
ਦ੍ਰਿਸ਼ਟੀਆਂ ਵਿਚ ਦਰਸ਼ਨਾਂ ਦੇ,
ਕਾਫਲੇ ਘਿਰਦੇ ਰਹੇ।



ਬੱਦਲਾਂ ਨੂੰ ਅੱਗ ਔਥੇ,
ਮੀਂਹ ਪੈਂਦਾ ਇਸ ਤਰਫ।

ਇਕ ਸੂਰਜ, ਦੋ ਮੌਸਮ,
ਸੜ, ਸੜ, ਖਿੜਦੇ ਰਹੇ!!!

## ਕਿਰਦਾਰਾਂ ਦੇ ਚਿਹਰੇ : ਇਕ ਪ੍ਰਭਾਵ

ਕੰਪਿਊਟਰ ਦੇ
ਏਸ ਯੁੱਗ ਵਿਚ,
ਬਟਨ ਦੱਬੋ, ਤਾਂ
ਰੂਹ, ਦਿਲ, ਦਿਮਾਗ਼
ਅਤੇ ਅਲਗਾਵ ਵਿੱਚੋਂ,
ਅਨੇਕਾਂ ਸੰਵਾਦ,
ਜਨਮ ਲੈਂਦੇ ਹਨ!!!

ਵਾਰਤਾਲਾਪ ਹੀ,
ਕਿਰਦਾਰਾਂ ਦੇ ਚਿਹਰੇ ਹੁੰਦੇ ਹਨ!!!



## ਅੰਤਿਕਾ

